ਅੰਗਾਂ ਦੀ ਗਵਾਹੀ

ਗਦਰ ਪਾਰਟੀ ਦੇ ਪੁਸਤਕਾਂ ਦੀ ਲੜੀ

ਨੰਬਰ ੩

# ਅੰਗ੍ਰੇਜ਼ੀ ਰਾਜ ਵਿਚੱ ਪ੍ਰਜਾ ਦੇ ਦੁਖ ਦੀ ਕਹਾਣੀ

ਏਹ ਅੰਗ ਵਖੋ ਵਖ ਕਿਤਾਬਾਂ ਅਤੇ ਸਰਕਾਰੀ ਰਪੋਟਾਂ ਵਿਚੋਂ ਲਏ ਗਏ ਹੈਂ,?   ਸਨ ੧੯੧੫

ਐਡੀਟਰ ਹਿੰਦੋਸਤਾਨ ਗਦਰ ਦੇ ਪ੍ਰਬੰਧ ਨਾਲ
ਹਿੰਦੋਸਤਾਨ ਗਦਰ ਪ੍ਰੈਸ ਵਿਚ ਤਿਆਰ ਹੋਕੇ ਛਪੀ

ਏਹ ਪੁਸਤਕ ਯੁਗਾਂਤ੍ਰ ਆਸ਼੍ਰਮ ਦਫਤ੍ਰ ਹਿੰਦੋਸਤਾਨ ਗਦਰ ਵਿਚੋਂ ਹਰ ਇਕ ਭਾਈ ਕੋ ਮੁਫਤ ਮਿਲ ਸਕਦਾ ਹੈ,

ਪਹਿਲੀ ਵਾਰ ........... ੧੦੦੦੦ ਪੋਥੀ

# ਅੰਗਾਂ ਦੀ ਗੁਆਹੀ

ਅੰਗ੍ਰੇਜ਼ੀ ਰਾਜ ਦੇ ਜ਼ੁਲਮ ਐਸੇ ਸਾਫ਼ ਜ਼ਾਹਿਰ ਹਨ, ਕਿ ਜ਼ਿਕਰ ਕਰਦਿਆਂ ਹੀ ਭਲੇ ਪੁਰਸ਼ਾਂ ਦਾ ਖ਼ੂਨ ਜੋਸ਼ ਵਿੱਚ ਆ ਜਾਂਦਾ ਹੈ, ਪਰ ਸਾਡੇ ਦੇਸੀ ਭਾਈਆਂ ਨੂੰ ਏਸ ਚਾਲ ਬਾਜ਼ ਸ੍ਰਕਾਰ ਦੀਆਂ ਬਦਮੁਆਸ਼ੀਆਂ ਅਤੇ ਦਗ਼ੇ ਬਾਜ਼ੀਆਂ ਮਾਲੂਮ ਭੀ ਨਹੀਂ, ਕਿਉਂਕਿ ਇਹਨਾਂ ਨੂੰ ਸ੍ਰਕਾਰੀ ਰਪੋਟਾਂ ਪੜ੍ਹਨ ਦੀ ਅਤੇ ਰਾਜ ਨੀਤੀ ਦੇ ਮੁਆਮਲਿਆਂ ਤੇ ਵਿਚਾਰ ਕਰਨ ਦੀ ਆਦਤ ਨਹੀਂ। ਹਿੰਦੋਸਤਾਨ ਦੇ ਲੋਕ ਇਹ ਸਮਝਦੇ ਹਨ, ਕਿ ਸ੍ਰਕਾਰ ਨੂੰ ਟੈਕਸ ਦੇ ਕੇ ਪਿੱਛੋਂ ਪੁੱਛੋ ਹੀ ਨਾ ਕਿ ਉਸ ਰੁਪੱਏ ਦਾ ਕੀ ਹੋਇਆ, ਕਿਸਤ੍ਰਾਂ ਕੀਤਾ ਗਿਆ! ਹੁਨ ਵਕ਼ਤ ਆ ਗਿਆ ਹੈ, ਕਿ ਤਮਾਮ ਲਿਖਨ ਪੜ੍ਹਨ ਵਾਲਿਆਂ ਦੇ ਦਿਲਾਂ ਵਿਚ ਮੁਲਕੀ ਮਸਲਿਆਂ ਤੇ ਬਹਿਸ ਕਰਨ ਦਾ ਸ਼ੌਕ ਪੈਦਾ ਕੀਤਾ ਜਾਵੇ! ਸੁਚਿੱਤ ਦੇਸ਼ਾਂ ਵਿੱਚ ਹਰ ਇਕ ਮਰਦ ਔਰਤ ਟੈਕਸਾਂ ਦੀ ਜਾਂਚ ਪੜਤਾਲ ਕਰਦਾ ਹੈ, ਕਿ ਇਤਨੀ ਰਕ਼ਮ ਜਮਾਂ ਕੀਤੀ ਗਈ ਅਤੇ ਇਸ ਤ੍ਰਾਂ ਖਰਚ ਹੋਈ. ਗੱਲ ਕੀ, ਇੱਕ ਪੈਸਾ ਭੀ ਏਧਰ ਓਧਰ ਨਹੀਂ ਹੋ ਸਕਦਾ! ਹਿੰਦੋਸਤਾਨ ਵਿੱਚ ਤਾਂ ਕਈ ਵਡੀ ਰਿਆਸਤਾਂ ਸਾਲਾਨਾ ਰਪੋਟ ਤੱਕ ਨਹੀਂ ਛਾਪਦੀਆਂ, ਕਈ ਰਾਜੇ ਜਿਤਨਾ ਜੀ ਚਾਹਵੇ ਆਪਨੇ ਐਸ਼ ਅਸ਼ਰਤ ਵਾਸਤੇ ਰੁਪੱਯਾ ਖਰਚ ਕਰ ਦੇਂਦੇ ਹਨ; ਏਸ ਹਨੇਰੇ ਨੂੰ ਦੂਰ ਕਰਨ ਵਾਸਤੇ ਸਿਰਫ਼ ਇੱਕ ਬਾਤ ਜ਼ਰੂਰੀ ਹੈ, ਉਹਨਾਂ ਨੂੰ ਅਖਬਾਰਾਂ ਅਤੇ ਕਿਤਾਬਾਂ ਦੇ ਜ਼ਰੀਏ ਦਸਨਾ ਚਾਹੀਏ, ਕਿ ਅੰਗ੍ਰੇਜ਼ੀ ਰਾਜ ਦਾ ਖ਼ਜ਼ਾਨਾ ਕਿਸ ਤ੍ਰਾਂ ਵਰਤਿਆ ਜਾਂਦਾ ਹੈ, ਤਦ ਸਾਰੇ ਚੋਰਾਂ ਦੀ ਸਚਾਈ ਮਾਲੂਮ ਹੋ ਜਾਵੇਗੀ! ਅਤੇ ਲੋਕ ਗੁੱਸੇ ਵਿੱਚ ਆ ਕੇ ਕਹਿਨਗੇ, ਕਿ ਸਾਡਾ ਰੁਪੱਯਾ ਹੈ, ਇਸ ਨੂੰ ਸਾਡੀ ਮਰਜ਼ੀ ਨਾਲ ਖਰਚ ਕਰਨਾ ਚਾਹੀਏ!

ਹਿੰਦਸੇ (ਅੰਗ) ਅਜੇਹੇ ਹਨ, ਜੈਸੇ ਹਥੌੜਾ! ਏਹਦੇ ਅੱਗੇ ਕਿਸੇ ਚਾਲਬਾਜ਼ ਦੀ ਦਾਲ ਨਹੀਂ ਗਲਦੀ, ਜਦ ਅੰਗਾਂ ਨਾਲ ਇੱਕ ਅਸੂਲ ਸਾਬਤ ਹੋ ਗਿਆ, ਤਾਂ ਸਾਰਾ ਜਹਾਨ ਉਸ ਨੂੰ ਰੱਦ ਨਹੀਂ ਕਰ ਸਕਦਾ!

## ਜ਼ਮੀਨ ਦਾ ਲਗਾਨ

ਹੁਣ ਜ਼ਮੀਨ ਦੇ ਲਗਾਨ ਬਾਬਤ ਥੋੜੇ ਅੰਗ ਲਿਖਾਂਗੇ!

ਤੀਹਾਂ ਸਾਲਾਂ ਵਿੱਚ ਜ਼ਮੀਨ ਦਾ ਲਗਾਨ ਇਸ ਤ੍ਰਾਂ ਵਧ ਗਿਆ,

| | | | | | | | | | | |
|---|---|---|---|---|---|---|---|---|---|---|
| ਸਨ | ੧੮੮੧ | ਵਿੱਚ | ਬਾਈ | ਕਰੋੜ | ਬਾਰਾਂ | ਲੱਖ | ਚਾਲੀ | ਹਜ਼ਾਰ | | |
| ,, | ੧੮੯੧ | ,, | ੨੪ | ਕਰੋੜ | ੭੮ | ਲੱਖ | ੩੦ | ਹਜ਼ਾਰ | ਰੁਪੈਆ | |
| ,, | ੧੯੦੧ | ,, | ੨੭ | ,, | ੩੯ | ,, | ੭੫ | ,, | ,, | |
| ,, | ੧੯੦੮ | ,, | ੩੧ | ,, | ੬੯ | ,, | ੮੦ | ,, | ,, | |

ਖਿਆਲ ਕਰੋ, ਕਿ ਤੀਹਾਂ ਹੀ ਸਾਲਾਂ ਵਿੱਚ ਜ਼ਮੀਨ ਦਾ ਲਗਾਨ ਡਿਊੜਾ ਹੋ ਗਿਆ, ਸਨ ੧੮੮੧ ਵਿੱਚ ਇੱਕ ਫਰੰਗੀ ਵਿਲੀਅਮ ਹੰਟਰ ਨੇ ਲਿਖਿਆ ਸੀ, ਕਿ ਹਿੰਦੋਸਤਾਨ ਵਿੱਚ ੭ ਕਰੋੜ ਆਦਮੀਆਂ ਨੂੰ ਪੂਰੀ ਖ਼ੁਰਾਕ ਨਹੀਂ ਮਿਲਦੀ, ਅਗ ਉਸ ਵੇਲੇ ਏਹ ਹਾਲਤ ਸੀ, ਤਾਂ ਹੁਣ ਕੀ ਦੁਰਦਸ਼ਾ ਹੋਵੇਗੀ, ਅੰਗਾਂ ਨੂੰ ਚੰਗੀ ਤ੍ਰਾਂ ਬਾਰਕ ਪੜ੍ਹੋ ਅਤੇ ਦੇਖੋ! ਕਿ ਕਿਸ ਤ੍ਰਾਂ ਹਰਾਮਜ਼ਾਦੇ ਫਰੰਗੀ ਸਾਡੇ ਪਿਆਰੇ ਦੇਸ਼ ਨੂੰ ਲੁੱਟ ਰਹੇ ਹਨ.

## ਨੈਹਰਾਂ ਤੋਂ ਆਮਦਨੀ

ਅੰਗ੍ਰੇਜ਼ੀ ਗਵਰਮਿੰਟ ਨੈਹਰਾਂ ਦੇ ਜ਼ਰੀਏ ਖ਼ੂਬ ਰੁਪੈਆ ਕਮੌਂਦੀ ਹੈ, ਪ੍ਰਜਾ ਦੇ ਰੁਪੱਏ ਨਾਲ ਨੈਹਰਾਂ ਬਨਦੀਆਂ ਹਨ, ਫੇਰ ਉਹਨਾਂ ਨੈਹਰਾਂ ਦੇ ਪਾਨੀ ਵਾਸਤੇ ਕਿਸਾਨਾਂ ਨੂੰ ਮੈਹਸੂਲ ਦੇਨਾ ਪੈਂਦਾ ਹੈ, ਏਸੇ ਤ੍ਰਾਂ ਖ਼ਲਕਤ ਨੂੰ ਇੱਕ ਵੇਰਾਂ ਲੁੱਟ ਕੇ ਦੂਜੀ ਵੇਰਾਂ ਲੁੱਟਨ ਦਾ ਮੌਕਾ ਮਿਲ ਜਾਂਦਾ ਹੈ,

ਸਨ ੧੯੦੧ ਵਿੱਚ ੨ ਕਰੋੜ ੭੬ ਲੱਖ ੬੦ ਹਜ਼ਾਰ ਰੁਪੈਆ

ਸਨ ੧੯੦੬ ਵਿੱਚ ੩ ਕਰੋੜ ੮੫ ਲੱਖ ੫੦ ਹਜ਼ਾਰ ਰੁਪੈਯਾ
,, ੧੯੦੭ ,, ,, ੪ ,, ੮ ,, ੭੫ ,, ,,

## (੨) ਸਰਕਾਰੀ ਖਜ਼ਾਨੇ ਵਿਚ ਬਚੱਤ

ਹਿੰਦੋਸਤਾਨ ਦੀ ਗਵਰਮਿੰਟ ਇਤਨੀ ਲਾਲਚੀ ਅਤੇ ਬੇਈਮਾਨ ਹੋ ਗਈ ਹੈ ਕੇ ਅੰਗ੍ਰੇਜ਼ਾਂ ਨੂੰ ਮਾਲਾ ਮਾਲ ਕਰਕੇ ਭੀ ਹਰ ਸਾਲ ਖਜ਼ਾਨੇ ਵਿੱਚ ਬਚਤ ਰਖਦੀ ਹੈ ਜਿਸ ਕੋ ਅੰਗ੍ਰੇਜ਼ੀ ਜ਼ਬਾਨ ਵਿਚ ਸਰਪ-ਲਸ (ਯਾਨੀ ਖਰਚ ਕਰਕੇ ਬਚੱਤ) ਆਖਦੇ ਹੰਨ, ਗਵਰਮਿੰਟ ਦੇ ਖਜ਼ਾਨੇ ਵਿੱਚ ਬਚੱਤ ਦਾ ਏਹ ਮਤਲਬ ਹੈ, ਕੇ ਪਰਜਾ ਪਾਸੋਂ ਇਤਨਾ ਰੁਪੈਯਾ ਲੁਟ ਲਿਆ ਕੇ ਬਦਹਜ਼ਮੀ ਹੋ ਗਈ, ਸਾਰਾ ਲੁਟ ਦਾ ਮਾਲ ਪਚਾ ਭੀ ਨਾ ਸਕੀ; ਸੋਚਣਾ ਚਾਹੀਦਾ ਹੈ, ਕੇ ਹਜ਼ਾਰਾਂ ਅਫਸਰਾਂ ਕੋ ਤਲਬਾਂ ਅਤੇ ਪੈਨਸ਼ਨਾਂ ਦੇ ਕੇ ਅਤੇ ਧਨਵਾਨ ਫਰੰਗੀਆਂ ਨੂੰ ਬਿਆਜ ਦੇ ਦੇ ਕੇ ਭੀ ਪਿਛਲੇ ਦਸਾਂ ਸਾਲਾਂ ਵਿਚ ਹਰ ਸਾਲ ਸਵਾਏ ਸਨ ੧੯੦੪, ਦੇ ਸਰਕਾਰ ਕੋ ਬਚੱਤ ਹੀ ਰਹੀ, ਇਕ ਪਾਸੇ ਤਾਂ ਪਰਜਾ ਗ਼ਰੀਬ ਹੁੰਦੀ ਜਾਂਦੀ ਹੈ, ਅਤੇ ਦੂਜੇ ਪਾਸੇ ਸਰਕਾਰੀ ਖਜ਼ਾਨੇ ਵਿਚ ਸੋਨੇ ਦਾ ਉਛਾਲ ਆਇਆ ਹੋਇਆ ਹੈ, ਸਨ ੧੯੦੧ ਅਤੇ ੧੯੦੪ ਵਿੱਚ ਤਾਂ ਪਰਜਾ ਕਰੜੱਕੀ ਦੇ ਕੈਹਤ ਨਾਲ ਮਰਦੀ ਸੀ, ਪਰ ਸਰਕਾਰ ਨੂੰ ਬਚੱਤ ਹੀ ਰਹੀ, ਏਹੋ ਹਨੇਰ ਹੈ, ਜੋ ਬੋਹਤ ਛੇਤੀ ਗ਼ਦਰ ਕਰਾਵੇਗਾ, ਹੇਠਾਂ ਲਿਖੇ ਹਿਦਸਿਆਂ ਤੋਂ ਪਤਾ ਲਗੇਗਾ, ਕੇ ਹੁਣ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਲੁਟਣ ਵਿਚ ਹੱਦ ਟੱਪ ਗਈ ਹੈ, ਜਦ ਸੱਪ ਬੋਹਤ ਮੋਟਾ ਚੂਹਾ ਖਾ ਜਾਂਦਾ ਹੈ, ਤਾਂ ਛੇਤੀ ਮਾਰਿਆ ਜਾਂਦਾ ਹੈ, ਹੁਣ ਏਸ ਬਦਜ਼ਾਤ ਸਰਕਾਰ ਦੇ ਭੀ ਅਖੀਰੀ ਦਿਨ ਆ ਗਏ ਹੰਨ,

## ਬਚੱਤ ਦੀਆਂ ਰਕਮਾਂ

ਸਨ ੧੯੦੧ ਵਿੱਚ ੭ ਕਰੋੜ ੪੨ ਲੱਖ ੭੪ ਹਜ਼ਾਰ ੪ ਸੌ ਪੰਜ ਰੁਪਏ

੧੧. ਅੰਗਰੇਜ਼ਾਂ ਨੂੰ ਹਿੰਦੁਸਤਾਨੀਆਂ ਦੇ ਮਾਰ ਦੇਣੇ, ਅਤੇ ਹਿੰਦੁਸਤਾਨੀ ਔਰਤਾਂ ਦੀ ਬੇਇਜ਼ਤੀ ਕਰਨ ਦੀ ਮੁਨਾਸਬ ਸਜ਼ਾ ਨਹੀਂ ਦਿਤੀ ਜਾਂਦੀ।

੧੨. ਫਰੰਗੀ ਰਾਜ ਅੰਦਰ ਹਿੰਦੁਸਤਾਨ ਵਿਚ ਕਾਲ ਜਾਦੇ ਪੈਣ ਲੱਗ ਗਏ ਹਨ। ਪਿਛਲਿਆਂ ਅਠਾਰਾਂ ਸਾਲਾਂ ਵਿਚ ਤਕਰੀਬਨ ਦੋ ਕਰੋੜ ਹਿੰਦੁਸਤਾਨੀ ਭੁਖ ਨਾਲ ਮਰ ਗਏ ਹਨ।

੧੩. ਪਿਛਲਿਆਂ ਬਤੀਆਂ ਸਾਲਾਂ ਵਿਚ ਤਕਰੀਬਨ ਦੋ ਕਰੋੜ ਆਦਮੀ ਪਲੇਗ ਤੇ ਹੋਰ ਰੋਕ ਹੋ ਜਾਣ ਵਾਲੀਆਂ ਬੀਮਾਰੀਆਂ ਨਾਲ ਮਰ ਗਏ ਹਨ।

੧੪. ਮੌਤਾਂ ਦੀ ਗਿਨਤੀ ਪਿਛਲਿਆਂ ਥੋੜ੍ਹਿਆਂ ਸਾਲਾਂ ਵਿਚ ਹਜ਼ਾਰ ਪਿਛੇ ਚੌਬੀ ਤੋਂ ਹਜ਼ਾਰ ਪਿਛੇ ਚੌਤੀ ਹੋ ਗਈ ਹੈ।

੧੫. ਹਿੰਦੁਸਤਾਨੀਆਂ ਦੀ ਸੇਹਤ ਅਤੇ ਵਿਦਯਾ ਵਾਸਤੇ ਬੋਹਤ ਹੀ ਥੋੜਾ ਪੈਸਾ ਫਰੰਗੀ ਹਕੂਮਤ ਵਲੋਂ ਖਰਚ ਕੀਤਾ ਜਾਂਦਾ ਹੈ।

ਹਿੰਦੁਸਤਾਨੀਆਂ ਦੇ ਪੈਸੇ ਨਾਲ ਹਿੰਦ ਵਿਚ ਰੈਹਣ ਵਾਲੇ ਅੰਗਰੇਜ਼ਾਂ ਵਾਸਤੇ ਚੰਗੇ ਚੰਗੇ ਸਕੂਲ ਅਤੇ ਠੰਡੀਆਂ ਸੜਕਾਂ ਬਣਾਈਆਂ ਜਾਂਦੀਆਂ ਹਨ। ਬਦੇਸ਼ੀ ਹਕੂਮਤ ਨੂੰ ਹਿੰਦੁਸਤਾਨੀਆਂ ਦਾ ਕੋਈ ਦਰਦ ਨਹੀਂ ਹੈ।

੧੬. ਥੋੜੀ ਜੇਹੀ ਵਿਦਯਾ ਜੇਹੜੀ ਫਰੰਗੀ ਹਿੰਦੀਆਂ ਨੂੰ ਦੇਂਦੇ ਵੀ ਹਨ ਓਹ ਵੀ ਚੰਗੇ ਵਫਾਦਾਰ ਗੁਲਾਮ ਪੈਦਾ ਕਰਨ ਲਈ ਦਿਤੀ ਜਾਂਦੀ ਹੈ।

੧੭. ਫਰੰਗੀ ਹਕੂਮਤ ਜ਼ੋਰ ਨਾਲ ਹਿੰਦੀਆਂ ਪਾਸ ਅਫੀਮ ਤੇ ਹੋਰ ਅਮਲ ਵਾਲੀਆਂ ਚੀਜ਼ਾਂ ਬੇਚਦੀ ਹੈ।

ਅਮਲ ਵਾਲੀਆਂ ਚੀਜ਼ਾਂ ਬੇਚ ਕੇ ਫਰੰਗੀ ਇਕ ਤਾਂ ਪੈਸੇ

ਢੇਰਾਂ ਦੇ ਢੇਰ ਲੱਗੇ ਹੋਏ ਹਨ, ਜਿਸ ਨੂੰ ਕਈ ਪੁਸ਼ਤਾਂ ਭੀ ਮੁਕਾ ਨਹੀਂ ਸਕਦੀਆਂ, ਰਿਆਸਤ ਮੰਡੀ ਵਿੱਚ ਭੀ ਥੋੜਾ ਲੂਣ ਪੈਦਾ ਹੁੰਦਾ ਹੈ, ਝੀਲ ਸਾਂਭਰ ਤੋਂ (ਜਿਸ ਨੂੰ ਪੁਸ਼ਕਰ ਜੀ ਆਖਦੇ ਹਨ) ਬੇ ਹਦ ਲੂਣ ਨਿਕਲਦਾ ਹੈ, ਅੰਗ੍ਰੇਜ਼ੀ ਗੌਰਮਿੰਟ ਨੇ ਸਨ ੧੮੭੦ ਵਿੱਚ ਏਸ ਝੀਲ ਤੇ ਕਬਜ਼ਾ ਕਰ ਲਿਆ, ਅਤੇ ਰਾਜਪੂਤ ਰਿਆਸਤਾਂ ਨਾਲ ਅਹਿਦ ਨਾਮਾ ਕਰ ਲਿਆ, ਕਿ ਤੁਹਾਨੂੰ ਕੁੱਛ ਰੁਪੱਯਾ ਹਰ ਸਾਲ ਮਿਲਿਆ ਕਰੇ ਗਾ, ਸਾਡੇ ਰਾਜੇ ਅਤੇ ਵਜ਼ੀਰ ਅਜੇਹੇ ਬੇ ਵਕੂਫ ਅਤੇ ਬੁਜ਼ਦਿਲ ਹਨ, ਕਿ ਉਹਨਾਂ ਨੇ ਏਸ ਅਹਿਦ ਨਾਮੇ ਨੂੰ ਮਨਜ਼ੂਰ ਕਰ ਲਿਆ, ਅਤੇ ਕਰੋੜਾਂ ਰੁਪੱਏ ਮੁਫਤ ਵਿੱਚ ਫਰੰਗੀਆਂ ਦੀ ਭੇਟਾ ਕਰ ਦਿੱਤੇ! ਮਦਰਾਸ ਬੰਬਈ ਅਤੇ ਕਾਠੀਆਵਾੜ ਦੇ ਕਨਾਰੇ ਸਮੁੰਦ੍ਰ ਦੇ ਪਾਨੀ ਵਿਚੋਂ ਨਿਮਕ ਹਾਸਲ ਕੀਤਾ ਜਾਂਦਾ ਹੈ,

ਜਿਤਨਾ ਨਿਮਕ ਪੈਦਾ ਹੁੰਦਾ ਹੈ, ਸਾਰੇ ਉੱਤੇ ਸਰਕਾਰ ਦਾ ਟੈਕਸ ਹੈ, ਗੌਰਮਿੰਟ ਖੁਦ ਆਪਨੇ ਕਾਰਖਾਨਿਆਂ ਵਿੱਚ ਲੂਣ ਬਣੌਂਦੀ ਹੈ, ਅਤੇ ਆਪਨੇ ਮੌਹਕਮੇ ਦੀ ਰਾਹੀ ਖਾਣਾਂ ਵਿਚੋਂ ਕਢੌਂਦੀ ਹੈ, ਅਤੇ ਉਸ ਨੂੰ ਖੁਦ ਹੀ ਵੇਚਦੀ ਹੈ, ਇਸ ਤੋਂ ਵਖਰਾ ਜੋ ਲੂਣ ਮਦਰਾਸ ਅਤੇ ਬੰਬਈ ਵਿੱਚ ਕਈ ਇੱਕ ਆਦਮੀਆਂ ਅਤੇ ਕੰਪਨੀਆਂ ਦੇ ਕਾਰ-ਖਾਨਿਆਂ ਵਿੱਚ ਬਨਦਾ ਹੈ ਉਸ ਤੇ ਟੈਕਸ ਲਾਇਆ ਜਾਂਦਾ ਹੈ, ਹਰ ਇੱਕ ਸੂਬੇ ਵਿਚ ਨਿਮਕ ਦਾ ਮੌਹਕਮਾ ਹੈ

ਕੁਲ ਹਿੰਦੋਸਤਾਨ ਵਿੱਚ ਸਨ ੧੯੧੧ ਵਿੱਚ ੩ ਕਰੋੜ ੨੬ ਲੱਖ ੪੬ ਹਜ਼ਾਰ ੭ ਸੌ ੭੨ ਮਨ ਲੂਣ ਪੈਦਾ ਹੋਇਆ, ਅਤੇ ਇੱਕ ਕਰੋੜ ੫੦ ਲੱਖ ੧੫ ਹਜ਼ਾਰ ਮਨ ਲੂਣ ਇੰਗਲਸਤਾਨ, ਜਰਮਨੀ, ਅਦਨ, ਅਰਬ, ਮਿਸਰ, ਸਪੇਨ, ਟਰਕੀ ਅਤੇ ਦੂਜੇ ਦੇਸ਼ਾਂ ਤੋਂ ਮੰਗਾਯਾ ਗਿਆ,

ਸਨ ੧੯੦੦ ਦੇ ਕ਼ਰੀਬ ਲੂਣ ਉੱਤੇ ਇਤਨਾ ਜ਼ਿਆਦਾ ਟੈਕਸ ਸੀ, ਕਿ ਜ਼ਮੀਨ ਦੇ ਲਗਾਨ ਤੋਂ ਬਿਨਾਂ ਸਾਰੇ ਟੈਕਸਾਂ ਨਾਲੋਂ ਜ਼ਿਆਦਾ ਆਮਦ-ਨੀ ਵਸੂਲ ਹੋਈ ਸੀ, ਉਸ ਵੇਲੇ ਟੈਕਸ ਢਾਈ ਰੁਪੱਏ ਮਨ ਸੀ,

ਸਨ ੧੯੦੩ ਵਿੱਚ ਟੈਕਸ ਦੋ ਰੁਪੱਯਾ ਮਨ ਕੀਤਾ ਗਿਆ, ਸਨ ੧੯੦੫ ਵਿੱਚ ਡੇਢ਼ ਰੁਪੱਯਾ ਮਨ ਅਤੇ ਸਨ ੧੯੦੭ ਵਿੱਚ ਇੱਕ ਰੁਪੱਯਾ ਮਨ ਤੱਕ ਘਟਾਇਆ ਗਿਆ, ਕਿ ਪ੍ਰਜਾ ਖ਼ੁਸ਼ ਹੋ ਜਾਵੇ, ਕਿ ਹੁਨ ਟੈਕਸ ਇੱਕ ਰੁਪੱਯਾ ਮਨ ਹੈ, ਅਤੇ ਪੰਜਾਬ ਵਿੱਚ ਲੂਣ ਦਾ ਭਾ ਤਕਰੀਬਨ ਇੱਕ ਰੁਪੱਯਾ ਸਵਾ ਗਿਆਰਾਂ ਆਨੇ ਮਣ ਹੈ, ਜੇਕਰ ਲੂਣ ਦਾ ਟੈਕਸ ਨਾ ਹੋਵੇ, ਤਾਂ ਲੂਣ ਦਾ ਮੁੱਲ ਸਿਰਫ਼ ਸਵਾ ਗਿਆਰਾਂ ਆਨੇ ਮਣ ਰਹਿ ਜਾਵੇ, ਦੇਖੀਏ ਕਿ ਹੁਨ ਭੀ ਲੂਣ ਉੱਤੇ ਡੇਢ ਸੌ ਫ਼ੀ ਸਦੀ ਟੈਕਸ ਹੈ, ਸਨ ੧੯੦੦ ਵਿੱਚ ਤਾਂ ਕੋਈ ਹੱਦ ਬੰਨਾਂ ਹੀ ਨਹੀਂ ਸੀ, ਉਸ ਵੇਲੇ ਢਾਈ ਰੁਪੱਯਾ ਇੱਕ ਮਣ ਟੈਕਸ ਸੀ, ਅਤੇ ਲੂਣ ਦਾ ਭਾ ਪੰਜਾਬ ਵਿੱਚ ਤਕਰੀਬਨ ਤਿਨ ਰੁਪੱਏ ਢਾਈ ਆਨਾ ਮਣ ਸੀ; ਯਾਨੀ ਅਸਲ ਕੀਮਤ ਉੱਤੇ ਢਾਈ ਸੌ ਫ਼ੀ ਸਦੀ ਟੈਕਸ ਸੀ! ਅਜੇਹੇ ਟੈਕਸ ਕਿਸੇ ਭੀ ਜ਼ਾਲਮ ਰਾਜ ਵਿੱਚ ਨਹੀਂ ਸੁਨੇ ਗਏ, ਲੂਣ ਉੱਤੇ ਟੈਕਸ ਹੋਨ ਕਰਕੇ ਗ਼ਰੀਬਾਂ ਅਤੇ ਪਸ਼ੂਆਂ ਨੂੰ ਕਾਫ਼ੀ ਨਿਮਕ ਖਾਂਹ ਨੂੰ ਨਹੀਂ ਮਿਲਦਾ, ਇਉਂ ਤਾਂ ਮਾਲੂਮ ਹੁੰਦਾ ਹੈ, ਕਿ ਇੱਕ ਸੇਰ ਲੂਣ ਦਾ ਮੁੱਲ ਵਧ ਘਟ ਹੋਨ ਨਾਲ ਪ੍ਰਜਾ ਨੂੰ ਜ਼ਿਆਦਾ ਨੁਕਸਾਨ ਨਹੀਂ ਹੁੰਦਾ ਹੋਵੇਗਾ, ਪਰ ਅੰਗਾਂ ਉੱਤੇ ਧਿਆਨ ਕਰਨ ਨਾਲ ਮਾਲੂਮ ਹੁੰਦਾ ਹੈ, ਕਿ ਗ਼ਰੀਬਾਂ ਅਤੇ ਪਸ਼ੂਆਂ ਨੂੰ ਕਾਫ਼ੀ ਨਿਮਕ ਮਿਲਨਾ ਮੁਸ਼ਕਲ ਹੈ, ਜੇਕਰ ਕੀਮਤ ਜ਼ਿਆਦਾ ਕਰ ਦਿੱਤੀ ਜਾਵੇ! ਹਿੰਦੋਸਤਾਨੀਆਂ ਦੀ ਔਸਤ ਆਮਦਨੀ ਸਵਾ ਆਨਾ ਰੋਜ਼ ਹੈ, ਅਤੇ ਲੱਖਾਂ ਆਦਮੀਆਂ ਦੀ ਆਮਦਨੀ ਇਸ ਤੋਂ ਭੀ ਘਟ ਹੈ, ਕਿਉਂਕਿ ਕਿਤਨੇ ਹੀ ਰਾਜਾ ਨਵਾਬ ਸੇਠ ਸਾਹੂਕਾਰ ਭੀ ਦੇਸ ਵਿੱਚ ਵਸਦੇ ਹਨ, ਪਸ ਗ਼ਰੀਬ ਕ੍ਰਿਸਾਨਾਂ ਅਤੇ ਮਜ਼ੂਰਾਂ ਨੂੰ ਲੂਣ ਖ਼ਰੀਦਨ ਵਿੱਚ ਭੀ ਕੌਡੀਕ ਦਾ ਖ਼ਿਆਲ ਰਖਨਾ ਪੈਂਦਾ ਹੈ, ਜੇਕਰ ਪਸ਼ੂਆਂ ਵਾਸਤੇ ਕਾਫ਼ੀ ਲੂਣ ਨਹੀਂ ਖ਼ਰੀਦਿਆ ਜਾ ਸਕਦਾ ਤਾਂ ਉਹਨਾਂ ਨੂੰ ਨੁਕਸਾਨ ਪੌਹੰਚਦਾ ਹੈ,

ਲੂਣ ਕੋਈ ਬੂਟ ਯਾ ਬੂਟੀ ਤਾਂ ਹੈ ਹੀ ਨਹੀਂ, ਕਿ ਖ਼ਾਹਮਖ਼ਾਹ ਲੋਕ ਸੁਵਾਦ ਵਾਸਤੇ ਜ਼ਿਆਦਾ ਖਾ ਜਾਨਗੇ, ਲੂਣ ਸਿਰਫ਼ ਲੋੜ

ਦੇ ਮੁਤਾਬਕ ਖਾਂਦਾ ਜਾਂਦਾ ਹੈ, ਤਾਂ ਨਤੀਜਾ ਏਹ ਨਿਕਲਿਆ ਕੇ ਪੈਹਲੇ ਪ੍ਰਜਾ ਨੂੰ ਆਪਨੇ ਵਾਸਤੇ ਆਪਨੇ ਬੱਚਿਆਂ ਵਾਸਤੇ ਅਤੇ ਪਸ਼ੂਆਂ ਵਾਸਤੇ ਕਾਫੀ ਨਿਮਕ ਨਹੀਂ ਮਿਲਦਾ ਸੀ, ਅਤੇ ਜੇਕਰ ਹੁਣ ਭੀ ਨਿਮਕ ਦਾ ਟੈਕਸ ਹਟਾ ਦਿਤਾ ਜਾਵੇ, ਤਾਂ ਲੋਕ ਜ਼ਿਆਦਾ ਲੂਣ ਨੂੰ ਵਰਤੱਣ ?

ਮਲੂਮ ਹੁੰਦਾ ਹੈ ਕੇ ਜਦ ਢਾਈ ਰੁਪੈਆ ਇਕ ਮਣ ਨੂੰ ਟੈਕਸ ਸੀ, ਤਾਂ ਤਿਨ ਕਰੋੜ ੬੬ ਲੱਖ ਮੰਣ ਲੂਣ ਸਾਰੇ ਹਿੰਦੋਸਤਾਨ ਵਿੱਚ ਵਰਤਿਆ ਗਿਆ, ਜਦ ਟੈਕਸ ਦੋ ਰੁਪੈਆ ਮੰਣ ਸੀ, ਤਾਂ ੪ ਕਰੋੜ ਦੋ ਲੱਖ ਮੰਣ, ਜਦ ਡੇਢ ਰੁਪੈਆ ਮੰਣ ਟੈਕਸ ਸੀ, ਤਾਂ ੪ ਕਰੋੜ ੬੮ ਲਖ ਮੰਣ, ਜਦ ਇਕ ਰੁਪੈਆ ਮੰਣ ਹੋ ਗਿਆ ਤਾਂ ਸਨ ੧੯੧੧ ਵਿੱਚ ੪ ਕਰੋੜ ੮੨ ਲਖ ਮੰਣ ਲੂਣ ਵਰਤਿਆ ਗਿਆ, ਯਾਨੀ ਟੈਕਸ ਦੇ ਘਾਟ ਕਰਨ ਨਾਲ ਦਸਾਂ ਸਾਲਾਂ ਵਿਚ ਲੂਣ ਦਾ ਖਰਚ ੩੩ ਫੀ ਸਦੀ ਵਧ ਗਿਆ, ਇਸ ਤੋਂ ਸਾਫ ਜ਼ਾਹਰ ਹੈ, ਕੇ ਅੰਗ੍ਰੇਜ਼ੀ ਰਾਜ ਵਿੱਚ ਪਰਜਾ ਬੇਹਤ ਚਿਰ ਤੋਂ ਪੂਰਾ ਲੂਣ ਭੀ ਨਹੀਂ ਖਾ ਸਕਦੀ, ?

ਟੈਕਸ ਦੇ ਘਾਟੇ ਨਾਲ ਲੂਣ ਦਾ ਮੁਲ ਭੀ ਘਟ ਗਿਆ ਹੈ ਜਿਓਂ ਜਿਓਂ ਟੈਕਸ ਘਟ ਹੁੰਦਾ ਗਿਆ, ਬਾਜ਼ਾਰ ਵਿੱਚ ਲੂਣ ਦਾ ਕੁ ਭੀ ਘਟ ਹੁੰਦਾ ਗਿਆ, ਪਿੰਡਾਂ ਦੇ ਲੋਕ ਅਕਸਰ ਦੁਕਾਂਨ ਵਾਲੇ ਨੂੰ ਬੁਰਾ ਭਲਾ ਆਖਦੇ ਹੈਨ, ਕੇ ਇਸ ਨੇ ਲੂਣ ਦੀ ਕੀਮਤ ਵਧਾ ਦਿਤੀ ਹੈ, ਅਸਲ ਵਿੱਚ ਦੁਕਾਨ ਵਾਲੇ ਦਾ ਇਤਨਾ ਕਸੂਰ ਨਹੀਂ ਹੁੰਦਾ ਹੈ, ਲੂਣ ਦੇ ਟੈਕਸ ਵਿੱਚ ਜਿਤਨੀ ਕਮੀ ਹੋਈ ਉਸਦਾ ਪੂਰਾ ਫਾਇਦਾ ਪਰਜਾ ਨੂੰ ਮਿਲ ਗਿਆ, ਕਿਓਂਕੇ ਜਦ ਟੈਕਸ ਢਾਈ ਰੁਪੈਆ ਮੰਣ ਸੀ, ਤਾਂ ਲੂਣ ਦੀ ਕੀਮਤ ਤਿੰਨ ਰੁਪੈਆ ਢਾਈ ਆਨੇ ਫੀ ਮੰਣ ਸੀ, ਜਦ ਟੈਕਸ ਦੋ ਰੁਪੈਆ ਸੀ, ਤਾਂ ਨਿਮਕ ਦਾ ਦਾਮ ਦੋ ਰੁਪਿਆ ਬਾਰਾਂ ਆਨੇ ਹੋ ਗਿਆ, ਜਦ ਟੈਕਸ ਡੇਢ ਰੁਪੈਆ ਮਣ ਹੂਆ, ਤਾਂ ਲੂਣ ਦਾ ਨਿਰਖ ਦੋ ਰੁਪੈਆ ਸਾਢੇ ਤੀਨ ਆਨਾ ਹੋ ਗਿਆ, ਜਦ ਟੈਕਸ ਇਕ ਰੁਪੈਆ ਮਣ ਕੀਤਾ

ਗਿਆ, ਤਾਂ ਸਨ ੧੯੧੧ ਵਿਚ ਲੂਣ ਦਾ ਭਾ ਇੱਕ ਰੁਪੈਯਾ ਸਵਾ ਪਾਓਂ ਆਨੇ ਹੋ ਗਿਆ, ਪੈਹਲਾਂ ਜੋ ਲੂਣ ਦੀ ਕੀਮਤ ਜ਼ਿਆਦਾ ਸੀ ਉਹ ਸਾਰੀ ਸਰਕਾਰ ਦੇ ਖਜ਼ਾਨੇ ਵਿੱਚ ਜਾਂਦੀ ਸੀ,

ਗਵਰਮਿੰਟ ਦੀ ਆਮਦਨੀ ਦਸ ਸਾਲ ਘਟਦੀ ਹੀ ਗਈ ਹੈ, ਮਗਰ ਫਿਰ ਭੀ ਸਨ ੧੯੧੧ ਵਿੱਚ ੪ ਕਰੋੜ ੧੫ ਲੱਖ ੨੩ ਹਜ਼ਾਰ ੬ ਸੌ ਨੱਵੇ ਰੁਪੱਯੇ ਸੀ! ਪਿਛਲੇ ਦਸ ਸਾਲ ਦਾ ਵੇਰਵਾ ਇਹ ਹੈ!

| | | | | | | | | | |
|---|---|---|---|---|---|---|---|---|---|
| ਸਨ ੧੯੦੨ | ਵਿੱਚ | ੮ | ਕਰੋੜ | ੩੭ | ਲੱਖ | ੯੦ | ਹਜ਼ਾਰ | ੬੮੦ | ਰੁਪੱਯੇ |
| " ੧੯੦੩ | " | ੬ | " | ੯੭ | " | ੫੭ | " | ੪੯੫ | " |
| " ੧੯੦੪ | " | ੭ | " | ੧੨ | " | ੨੫ | " | ੬੯੦ | " |
| " ੧੯੦੫ | " | ੫ | " | ੬੨ | " | ੧ | " | ੫੯੫ | " |
| " ੧੯੦੬ | " | ੫ | " | ੫੯ | " | ੬੦ | " | ੨੬੦ | " |
| " ੧੯੦੭ | | ੪ | " | ੬ | " | ੩੩ | " | ੪੧੦ | " |
| " ੧੯੦੮ | | ੩ | " | ੯੯ | " | ੮੩ | " | ੯੨੫ | " |
| " ੧੯੦੯ | | ੪ | " | ੮ | " | ੫੮ | " | ੫੬੦ | " |
| " ੧੯੧੦ | | ੩ | " | ੮੦ | " | ੯੫ | " | ੩੬੫ | " |
| " ੧੯੧੧ | | ੪ | " | ੧੫ | " | ੨੩ | " | ੬੯੦ | " |
| ਕੁਲ ਰਕਮ | | ੫੩ | ਕਰੋੜ | ੪੦ | ਲੱਖ | ੩੦ | ਹਜ਼ਾਰ | ੬੪੦ | |

ਖਿਆਲ ਕਰੋ, ਕਿ ੫੪ ਕਰੋੜ ਰੁਪੱਯਾ ਹਿੰਦੁਸਤਾਨ ਦੇ ਗ਼ਰੀਬ ਕਿਰਸਾਨਾਂ ਅਤੇ ਮਜ਼ੂਰਾਂ ਪਾਸੋਂ ਗਵਰਮਿੰਟ ਨੇ ਸਿਰਫ ਲੂਣ ਉੱਤੇ ਟੈਕਸ ਲਗਾ ਕੇ ਲੁਟਿਆ, ਜੇ ਕਰ ਇਹ ਰੁਪੱਯਾ ਪ੍ਰਜਾ ਦੇ ਪਾਸ ਰੈਹਂਦਾ, ਤਾਂ ਜ਼ਰੂਰ ਗ਼ਰੀਬਾਂ ਦਾ ਕੁਛ ਚੰਗਾ ਹਾਲ ਹੁੰਦਾ, ਪਰ ਜ਼ਾਲਮ ਫਰੰਗੀਆਂ ਨੇ ਇਹਨਾਂ ਪਾਸੋਂ ਇਹ ਰੁਪੱਯਾ ਨਾਚ ਰੰਗ ਮੁਰਗ਼ੀ ਆਂਡੇ ਉੱਤੇ ਖਰਚ ਕਰ ਦਿੱਤਾ!

ਕੁਦਰਤ ਨੇ ਲੂਣ ਆਦੇ ਮਨੁੱਖ ਮਾਤ੍ਰ ਵਾਸਤੇ ਮੁਫਤ ਪੈਦਾ ਕੀਤਾ ਹੈ, ਪਰ ਸਰਕਾਰ ਇਸ ਤੇ ਟੈਕਸ ਲਾ ਕੇ ਪ੍ਰਜਾ ਨੂੰ ਕਾਫੀ ਲੁੱਟ ਰ

ਭੀ ਨਹੀ ਖਾਣ ਦੇਂਦੀ, ਲੂਣ ਕਿਸੇ ਆਦਮੀ ਯਾ ਰਾਜੇ ਦੀ ਮਲਕੀਅਤ ਨਹੀ ਹੈ, ਕਿਉਂਕਿ ਖਾਣਾਂ ਯਾ ਝੀਲ ਸਾਂਬ੍ਹ ਯਾ ਸਮੁੰਦ੍ਰ ਦਾ ਪਾਣੀ ਕਿਸੇ ਗੌਰਮਿੰਟ ਨੇ ਤਾਂ ਨਹੀ ਬਨਾਇਆ, ਪਰ ਜੇਕਰ ਲੂਣ ਨੂੰ ਕਢੱਣ ਅਤੇ ਤਯਾਰ ਕਰਨ ਦੇ ਪੈਸੇ ਖਰਚ ਦੇ ਹਿਸਾਬ ਨਾਲ ਲਏ ਜਾਂਣ ਤਾਂ ਸਭ ਨੂੰ ਲੂਣ ਕਾਫੀ ਮਿਲ ਸਕਦਾ ਹੈ!

ਪਰ ਹਿੰਦੋਸਤਾਨ ਵਿੱਚ ਇਹ ਅੰਧੇਰ ਹੈ, ਕਿ ਪੇਲੇ ਦੀ ਬੁੱਢੀ ਪਰ ਟਕਾ ਸਿਰ ਮੁਨਾਈ, ਕੁਦਰਤ ਇੱਕ ਚੀਜ਼ ਜ਼ਿੰਦਗੀ ਦੀਆਂ ਲੋੜਾਂ ਵਿਚੋਂ ਸਾਨੂੰ ਮੁਫਤ ਦੇਂਦੀ ਹੈ, ਪ੍ਰ ਜ਼ਾਲਮ ਗੌਰਮਿੰਟ ਵਿਚੋਂ ਹੀ ਉਹ ਲੈਂਦੀ ਹੈ, ਅਜੇਹੀ ਗੌਰਮਿੰਟ ਨੂੰ ਬੌਹਤ ਛੇਤੀ ਦੁਨੀਆਂ ਉੱਤੋਂ ਮਲੀਯਾਮੇਟ ਕਰ ਦੇਨਾ ਚਾਹੀਦਾ ਹੈ!

## (੪) ਗੌਰਮਿੰਟ ਦੀ ਆਮਦਨੀ

## ਅਰਬ ਤੋਂ ਜ਼ਿਆਦਾ ਰੁਪੈਯਾ

ਅਗਰ ਹਿੰਦੋਸਤਾਨੀਆਂ ਨੂੰ ਮਾਲੂਮ ਹੋਵੇ, ਕਿ ਸਰਕਾਰ ਅੰਗ੍ਰੇਜ਼ੀ ਦੀ ਕਿਤਨੀ ਕੁਲ ਆਮਦਨੀ ਹੈ, ਤਾਂ ਉਹਨਾਂ ਦੀਆਂ ਅੱਖਾਂ ਖੁੱਲ ਜਾਂਣ, ਅਤੇ ਸੋਚਣ, ਕਿ ਇਹ ਬੇ ਹਦ ਰੁਪੈਯਾ ਕਿਸ ਅਤੇ ਕਿੱਥੇ ਖਰਚ ਕੀਤਾ ਜਾਂਦਾ ਹੈ, ਅੰਗ੍ਰੇਜ਼ੀ ਗੌਰਮਿੰਟ ਦੀ ਆਮ-ਦਨੀ ਲੱਖ, ਕਰੋੜ, ਤੋਂ ਵਧਕੇ ਅਰਬ ਤੱਕ ਦੇ ਅੰਗਾਂ ਵਿੱਚ ਪੌਹੰਚ ਗਈ ਹੈ, ਇਹ ਡਾਕੂ ਸਰਕਾਰ ਸਾਰੇ ਦੇਸ਼ ਦੀਆਂ ਨੁਕੱਰਾਂ ਅਤੇ ਖੂ-ਦਰਾਂ ਵਿਚੋਂ ਪੈਸਾ ਖਿੱਚ ਕੇ ਆਪਨੇ ਖਜ਼ਾਨੇ ਵਿੱਚ ਜਮਾ ਕਰਦੀ ਹੈ, ਅਤੇ ਖਜਾਨੇ ਦਾ ਦਫਤਰ ਜੋ ਦਰ ਅਸਲ ਡਾਕੂਆਂ ਦੇ ਰਹਿਨ ਵਾਲੀ ਜਗਾ ਹੈ ਜਿੱਥੇ ਉਹ ਆਪਨਾ ਮਾਲ ਛੁਪੌਂਦੇ ਹਨ, ਜਿਸ ਤ੍ਰਾਂ ਅਲੀ ਬਾਬਾ ਦੇ ਕਿੱਸੇ ਵਿੱਚ ਪੜ੍ਹਿਆ ਹੈ, ਪਿਛਲੇ ਦਸ ਸਾਲ ਦੀ ਆਮਦਨੀ ਦਾ ਨਕਸ਼ਾ ਹੇਠਾਂ ਦਰਜ ਹੈ,

ਸਨ ੧੯੦੨ ਵਿੱਚ ੯੯ ਕਰੋੜ ੯੦ ਲੱਖ ੩੦ ਹਜ਼ਾਰ ੯ ਸੌ ਰੁਪੀਆ

| | | | | | | | | | | |
|---|---|---|---|---|---|---|---|---|---|---|
| ਸਨ ੧੯੦੩ ਵਿੱਚ | ੧ | ਅਰਬ | ੫ | ਕਰੋੜ | ੨੩ | ਲੱਖ | ੩੫ | ਹਜਾਰ | ੭੧੫ | ਰੁਪੈਏ |
| ,, ੧੯੦੪ | ੧ | ,, | ੫ | ,, | ੭੧ | ,, | ੫੨ | ,, | ੯੯੫ | ,, |
| ,, ੧੯੦੫ | ੧ | ,, | ੪ | ,, | ੮੪ | ,, | ੩੯ | ,, | ੭੯੫ | ,, |
| ,, ੧੯੦੬ | ੧ | ,, | ੮ | ,, | ੪੦ | ,, | ੬੭ | ,, | ੧੭੫ | ,, |
| ,, ੧੯੦੭ | ੧ | ,, | ੫ | ,, | ੪੨ | ,, | ੬੯ | ,, | ੫੭੦ | ,, |
| ,, ੧੯੦੮ | ੧ | ,, | ੩ | ,, | ੭੩ | ,, | ੯੮ | ,, | ੯੨੫ | ,, |
| ,, ੧੯੦੯ | ੧ | ,, | ੧੦ | ,, | ੮੨ | ,, | ੩੪ | ,, | ੩੨੦ | ,, |
| ,, ੧੯੧੦ | ੧ | ,, | ੧੯ | ,, | ੫੫ | ,, | ੯੯ | ,, | ੨੪੦ | ,, |
| ,, ੧੯੧੧ | ੧ | ,, | ੨੨ | ,, | ੭ | ,, | ੫੦ | ,, | ੮੫ | ,, |

ਧਿਆਨ ਕਰੋ, ਕਿ ਇਹ ਅਨਗਿਣਤ ਰੁਪੈਯਾ ਹਰ ਸਾਲ ਸਰਕਾਰੀ ਖਜ਼ਾਨੇ ਵਿੱਚ ਜਾਂਦਾ ਹੈ, ਪਰ ਹਿੰਦੋਸਤਾਨ ਦੇ ਕਿਸਾਨ ਅਤੇ ਮਜ਼ੂਰ ਕਦੀ ਨਹੀ ਪੁਛਦੇ, ਕਿ ਇਹ ਰੁਪੈਯਾ ਕਿਸ ਤ੍ਰਾਂ ਖਰਚ ਕੀਤਾ ਜਾਂਦਾ ਹੈ, ਗੌਰਮਿੰਟ ਧਨਵਾਨ ਅਤੇ ਪ੍ਰਜਾ ਗ਼ਰੀਬ! ਇਹ ਹਨੇਰ ਹਿੰਦੋ-ਸਤਾਨ ਵਿੱਚ ਹੀ ਹੈ, ਜੇ ਕਰ ਏਸੇ ਤ੍ਰਾਂ ਸਰਕਾਰੀ ਆਮਦਨੀ ਵਧਦੀ ਰਹੀ, ਤਾਂ ਬੌਹਤ ਛੇਤੀ ਹਿੰਦੋਸਤਾਨ ਫ਼ਕੀਰਾਂ ਦਾ ਦਾਇਰਾ ਬਨ ਜਾਵੇਗਾ, ਬਸ ਛੇਤੀ **ਗ਼ਦਰ** ਕਰਕੇ ਇਸ ਰੁਪੈਏ ਨੂੰ ਆਪਨੇ ਲਾਭ ਹਿਤ ਵਰਤੋ!

## (੫) ਜੰਗਲਾਂ ਦੀ ਆਮਦਨੀ

ਕੁਦਰਤ ਨੇ ਜੋ ਨਿਆਮਤਾਂ ਪ੍ਰਜਾ ਦੇ ਸੁਖ ਵਾਸਤੇ ਦਿਤੀਆਂ ਹਨ, ਉਹਨਾਂ ਨੂੰ ਅੰਗ੍ਰੇਜੀ ਸਰਕਾਰ ਥੋੜੇ ਅੰਗ੍ਰੇਜ਼ਾਂ ਵਾਸਤੇ ਰੋਕ ਲੈਂ-ਦੀ ਹੈ, ਜਿਸ ਤ੍ਰਾਂ ਲੂਣ ਦਾ ਟੈਕਸ ਲੈ ਕੇ ਰੁਪੈਯਾ ਕਮਾਯਾ ਹੈ, ਉਸੇ ਤ੍ਰਾਂ ਜੰਗਲਾਂ ਨੂੰ ਬੰਦ ਕਰਕੇ ਅਤੇ ਪ੍ਰਜਾ ਨੂੰ ਜੰਗਲਾਂ ਦੇ ਫਾਇਦਿਆਂ ਤੋਂ ਪਰੇ ਕਰਕੇ ਭੀ ਬੌਹਤ ਆਮਦਨੀ ਕੀਤੀ ਹੈ, ਜੰਗਲ ਕਿਸੇ ਰਾਜੇ ਦੀ ਜਾਇਦਾਦ ਨਹੀਂ ਹੈ, ਜੰਗਲ ਪ੍ਰਜਾ ਵਾਸਤੇ ਕੁਦਰਤ

ਨੇ ਬਖਸ਼ੇ ਹਨ, ਬਸ ਜੰਗਲਾਂ ਤੋਂ ਆਮਦਨੀ ਵਸੂਲ ਕਰਨ ਇੱਕ ਨਿਹੈਤ ਕਮੀਨਾ ਅਤੇ ਜ਼ਾਲਮਾਨਾ ਕੰਮ ਹੈ,

ਹਿੰਦੋਸਤਾਨ ਵਿੱਚ ਸਰਕਾਰੀ ਜੰਗਲਾਤ ਦਾ ਰਕਬਾ ਪਿਛਲੇ ਦਸ ਸਾਲ ਵਿੱਚ ੧੨ ਫੀ ਸਦੀ ਤੋਂ ਜ਼ਿਆਦਾ ਵਧ ਗਿਆ ਹੈ, ਸਨ ੧੯੦੧ ਵਿੱਚ ਦੋ ਲੱਖ ੯ ਹਜ਼ਾਰ ੮ ਸੌ ਉਨਾਸੀ ਮੁਰੱਬਾ ਮੀਲ ਸੀ, ਅਤੇ ਸਨ ੧੯੧੦ ਵਿੱਚ ਦੋ ਲੱਖ ੪੨ ਹਜ਼ਾਰ ੯੩੫ ਮੁਰੱਬਾ ਮੀਲ ਹੋ ਗਿਆ ਹੈ, ਇਸ ਤੋਂ ਮਾਲੂਮ ਹੁੰਦਾ ਹੈ, ਕਿ ਸਰਕਾਰ ਦੀ ਦਿਲ ਖੁਲਵੀਂ ਲੁੱਟ ਖਸੁੱਟ ਜਾਰੀ ਹੈ, ਕਿਉਂਕਿ ਜਿੱਥੇ ਕਿੱਥੇ ਜ਼ਮੀਨ ਦਾ ਟੋਟਾ ਮਿਲ ਜਾਂਦਾ ਹੈ, ਉਸ ਨੂੰ ਘੇਰ ਕੇ ਸਰਕਾਰ ਜ਼ਮੀਨ ਬਨਾ ਦੇਂਦੇ ਹਨ!

ਜੇ ਕਰ ਕੋਈ ਗ਼ਰੀਬ ਆਦਮੀ ਜੰਗਲ ਵਿਚੋਂ ਲਕੜੀ ਲੈ ਲਵੇ, ਯਾ ਪਸ਼ੂ ਚਰਨੇ ਛਡ ਦੇਵੇ, ਤਾਂ ਉਸ ਤੇ ਮੁਕਦਮਾ ਬਨਾਇਆ ਜਾਂਦਾ ਹੈ, ਕਿਉਂਕਿ ਸਰਕਾਰ ਨੇ ਆਪਨੇ ਫਾਇਦੇ ਵਾਸਤੇ ਸਾਰੇ ਜੰਗਲ ਅਲਗ ਰੱਖੇ ਹਨ, ਸਨ ੧੯੦੧ ਵਿੱਚ ਗ਼ਰੀਬਾਂ ਤੇ ਸਰਕਾਰ ਨੇ ਕੁਲ ਮੁਕਦਮੇ ੨੧ ਹਜਾਰ ੮੯੧ ਕੀਤੇ ਸਨ, ਅਤੇ ਸਨ ੧੯੧੨ ਵਿੱਚ ਕੁਲ ਮੁਕਦਮੇ ੯੯ ਹਜਾਰ ੪੩੮ ਹੋਏ, ਗ਼ੌਰ ਕਰੋ! ਕਿ ਇਤਨੇ ਗ਼ਰੀਬ ਆਦਮੀਆਂ ਨੂੰ ਸਰਕਾਰ ਨੇ ਏਸ ਵਜਾ ਕਰਕੇ ਤਕਲੀਫ਼ ਦਿੱਤੀ, ਕਿ ਇਹਨਾਂ ਨੇ ਜੰਗਲ ਵਿਚੋਂ ਲਕੜੀ ਲਈ ਸੀ! ਜਾਂ ਕਿਸੇ ਹੋਰ ਤਰ੍ਹਾਂ ਕੁਦਰਤੀ ਹਕੂਕ ਪਾਸੋਂ ਲਾਭ ਉਠਾਇਆ ਸੀ!

ਜੰਗਲਾਂ ਦੀ ਆਮਦਨੀ ਦਾ ਨਕਸ਼ਾ ਹੇਠ ਹੈ!

| | | | | | | | | | | |
|---|---|---|---|---|---|---|---|---|---|---|
| ਸਨ | ੧੯੦੧ ਵਿੱਚ | ੧ | ਕਰੋੜ | ੭੩ | ਲੱਖ | ੯੦ | ਹਜ਼ਾਰ | ੩੨੫ | ਰੁਪੈਏ | |
| " | ੧੯੦੨ | " | ੧ | " | ੯੪ | " | ੭੧ | " | ੫੪੫ | " |
| " | ੧੯੦੩ | " | ੨ | " | ੨੩ | " | ੧੬ | " | ੭੪੦ | " |
| " | ੧੯੦੪ | " | ੨ | " | ੪੦ | " | ੨੯ | " | ੪੯੦ | " |
| " | ੧੯੦੫ | " | ੨ | " | ੬੬ | " | ੯੩ | " | ੯੨੫ | " |

| | | | | | | | | | | | |
|---|---|---|---|---|---|---|---|---|---|---|---|
| ਸਨ | ੧੯੦੬ | ਵਿੱਚ | ੨ | ਕਰੋੜ | ੬੫ | ਲੱਖ | ੩੩ | ਹਜ਼ਾਰ | ੬ ੬੫ | ਰੁਪੈਏ | |
| " | ੧੯੦੭ | " | ੨ | " | ੫੯ | " | ੮੯ | " | ੧੫੦ | " | |
| " | ੧੯੦੮ | " | ੨ | " | ੫੫ | " | ੧੩ | " | ੪੮੦ | " | |
| " | ੧੯੦੯ | " | ੨ | " | ੬੦ | " | ੩੦ | " | ੭੯੦ | " | |
| " | ੧੯੧੦ | " | ੨ | " | ੭੪ | " | ੪੩ | " | ੩੫੫ | " | |
| " | ੧੯੧੧ | " | ੨ | " | ੯੨ | " | ੮੨ | " | ੬੨੫ | " | |

ਜਦ ਗੌਰਮਿੰਟ ਨੇ ਇਤਨੀ ਬੇ ਹਦ ਲੁੱਟ ਮਾਰ ਸ਼ੁਰੂ ਕੀਤੀ ਹੋਈ ਹੈ, ਤਾਂ ਕੌਮ ਨੂੰ ਜ਼ਰੂਰੀ ਵਾਜਬ ਹੈ, ਕਿ ਬਦ ਜ਼ਾਤ ਫਰੰਗੀਆਂ ਨੂੰ ਆਪਨੇ ਪਿਆਰੇ ਦੇਸ਼ ਵਿੱਚੋਂ ਕੱਢ ਕੇ ਸਭ ਜੰਗਲਾਂ ਨੂੰ ਆਪਨੇ ਕਬਜ਼ੇ ਵਿੱਚ ਲੈ ਕੇ ਆਪਨੇ ਲਾਭ ਹਿਤ ਵਰਤੇ!

## (੯) ਫੌਜ ਵਾਸਤੇ ਖ਼ਰਚ

ਦਿਲ ਕੇ ਫ਼ਫ਼ੋਲੇ ਜਲ ਉਠੇ ਸੀਨੇ ਕੇ ਦਾਗ਼ ਸੇ
ਇਸ ਘਰ ਕੋ ਆਗ ਲਗ ਗਈ ਘਰ ਕੇ ਚਰਾਗ਼ ਸੇ

ਹਿੰਦੋਸਤਾਨ ਜਿਸ ਗ਼ੁਲਾਮੀ ਦੇ ਡੂੰਗੇ ਟੋਏ ਵਿੱਚ ਡੁਬਿਆ ਹੋਇਆ ਹੈ, ਉਸ ਦਾ ਪ੍ਰਤਖ ਨਸ਼ਾਨ ਅੰਗ੍ਰੇਜ਼ੀ ਫੌਜ ਦੀ ਮੌਜੂਦਗੀ ਹੈ, ਹਰ ਇੱਕ ਅੰਗ੍ਰੇਜ਼ੀ ਸਪਾਹੀ ਹਿੰਦੋਸਤਾਨੀਆਂ ਦੀ ਬਦਕ਼ਿਸਮਤੀ ਦਾ ਜ਼ਿੰਦਾ ਹਥਿਆਰ ਹੈ, **ਆਜ਼ਾਦੀ** ਦੇ ਨਾਲ ਇਹ ਫੌਜ ਦੇਸ਼ ਵਿੱਚੋਂ ਕੱਢ ਦਿੱਤੀ ਜਾਵੇਗੀ! ਗ਼ੁਲਾਮੀ ਦੇ ਕਾਰਨ ਹੋਰ ਹਨ, ਮਗਰ ਗੌਰਮਿੰਟ ਦੇ ਹੱਥ ਵਿੱਚ ਜ਼ੁਲਮ ਦਾ ਡੰਡਾ ਅਤੇ ਰਾਜ ਦਾ ਹਥਿਆਰ ਇਹ ਫੌਜ ਹੀ ਹੈ, ਇਹ ਮੋਟੇ ਸੰਡੇ ਸਿਰਫ ਲੜਨ ਮਰਨ ਵਾਸਤੇ ਹੀ ਰੱਖੇ ਜਾਂਦੇ ਹਨ! ਹਿੰਦੀ ਭੀ ਅਕ਼ਲ ਅਤੇ ਦੇਸ਼ ਭਗਤੀ ਨਾ ਹੋਨ ਦੇ ਕਾਰਨ ਅੰਗ੍ਰੇਜ਼ੀ ਫੌਜ ਵਿੱਚ ਭਰਤੀ ਹੋ ਜਾਂਦੇ ਹਨ, ਅਜੇਹੇ ਕਪੂਤਾਂ ਨੇ ਅਗਰ ਜਨਮ ਹੀ ਨਾ ਲਿਆ ਹੁੰਦਾ ਤਾਂ ਅੱਛਾ ਹੁੰਦਾ! ਇਸ ਵੇਲੇ ਅੰਗ੍ਰੇਜ਼ੀ ਫੌਜ ਤੇ ਮੁਲਕ ਦੇ

ਰੁਪੈਏ ਦਾ ਇੱਕ ਵੱਡਾ ਭਾਗ ਜਿੱਸਾ ਖ਼੍ਰਚ ਕੀਤਾ ਜਾਂਦਾ ਹੈ, ਫੌਜ ਨੂੰ ਖ਼ੁਸ਼ ਰਖਨਾ ਅੰਗ੍ਰੇਜ਼ੀ ਸ੍ਰਕਾਰ ਦਾ ਪੈਹਲਾ ਫ਼ਰਜ਼ ਹੈ, ਗੋਰੇ ਅਤੇ ਹਿੰਦੋਸਤਾਨੀ ਸਪਾਹੀ ਕ੍ਰਿਸਾਨਾਂ ਅਤੇ ਮਜ਼ੂਰਾਂ ਦੇ ਬੜੇ ਭਾਰੇ ਕਸ਼ਟ ਨਾਲ ਪੈਦਾ ਕੀਤੇ ਹੋਏ ਧੰਨ ਵਿੱਚੋਂ ਕਰੋੜਾਂ ਰੁਪੈਏ ਖਾ ਜਾਂਦੇ ਹਨ, ਅਤੇ ਟੈਕਸਾਂ ਦੇ ਵਧਨ ਦਾ ਇੱਕ ਕਾਰਨ ਇਹ ਭੀ ਹੈ!

ਪਿਛਲੇ ਪੰਜੀ ਸਾਲ ਵਿੱਚ ਫੌਜੀ ਖ਼੍ਰਚ ਤਕਰੀਬਨ ਦੂਨੇ ਹੋ ਗਏ ਹਨ, ਬਾਕੀ ਸਾਰੇ ਹਾਲਾਤ ਉੱਤੇ ਵਿਚਾਰ ਕਰਕੇ ਭੀ ਏਸ ਜ਼ਾਲਮ ਸ੍ਰਕਾਰ ਦੀ ਜ਼ਾਲਮਾਨਾਂ ਪਾਲੇਸੀ (ਰਵਸ਼) ਦਾ ਕਾਫ਼ੀ ਸਬੂਤ ਹੈ, ਪਲੇਗ ਨੂੰ ਦੇਸ਼ ਵਿੱਚੋਂ ਦੂਰ ਕਰਨ ਵਾਸਤੇ ਤਾਂ ਰੁਪੈਯਾ ਨਹੀਂ ਮਿਲਦਾ, ਮਗ੍ਰ ਫੌਜ ਦਾ ਪੇਟ ਭਰਨ ਵਾਸਤੇ ਰੁਪੈਯਾ ਨਿਕਲ ਔਂਦਾ ਹੈ,

| | | | | | | | |
|---|---|---|---|---|---|---|---|
| ਸਨ | ੧੮੮੫ | ਵਿੱਚ | ੧੭ | ਕਰੋੜ | ੫੦ | ਲਖ | ਰੁਪੈਯਾ |
| " | ੧੮੮੯ | " | ੨੦ | " | ੬ | " | " |
| " | ੧੮੯੫ | " | ੨੪ | " | ੩੧ | " | " |
| " | ੧੯੦੦ | " | ੨੬ | " | ੪੪ | " | " |
| " | ੧੯੦੪ | " | ੨੭ | " | ੨੧ | " | " |
| " | ੧੯੦੫ | " | ੩੧ | " | ੩ | " | " |
| " | ੧੯੧੦ | " | ੨੮ | " | ੬੬ | " | " |

ਏਹ ਨਕਸ਼ਾ ਦੇਖਨ ਤੋਂ ਮਾਲੂਮ ਹੁੰਦਾ ਹੈ, ਕਿ ਸਨ ੧੯੦੫ ਵਿੱਚ ਤਾਂ ਫੌਜੀ ਖ਼੍ਰਚ ੩੧ ਕਰੋੜ ਤਕ ਵੱਧ ਗਏ ਸਨ, ਅਤੇ ਸਨ ੧੮੮੫ ਵਿੱਚ ੧੭ ਕਰੋੜ ਸਨ, ਯਾਨੀ ੨੦ ਸਾਲਾਂ ਵਿੱਚ ੮੨ ਫੀ ਸਦੀ ਤੋਂ ਭੀ ਵੱਧ ਗਏ, ਅਤੇ ਹੁਨ ੩੦ ਕਰੋੜ ਦੇ ਕਰੀਬ ਹਨ, ਪੁਛਿੱਆ ਜਾਵੇ, ਕਿ ਇਹ ਰੁਪੈਯਾ ਹਰ ਸਾਲ ਕਿਸ ਕੰਮ ਵਾਸਤੇ ਖ਼੍ਰਚ ਹੁੰਦਾ ਹੈ, ਤਾਂ ਸਾਫ਼ ਉੱਤ੍ਰ ਮਿਲੇਗਾ, ਕਿ ਹਿੰਦੋਸਤਾਨੀਆਂ ਨੂੰ ਗ਼ੁਲਾਮੀ ਵਿੱਚ ਰਖਨ ਵਾਸਤੇ!

ਕਿਤਨੇ ਅਫ਼ਸੋਸ ਅਤੇ ਸ਼੍ਰਮ ਦੀ ਗਲ ਹੈ, ਕਿ ਹਿੰਦੋਸਤਾਨ ਦੇ ਰੁਪੈਏ ਨਾਲ ਹਿੰਦ ਵਾਸੀਆਂ ਨੂੰ ਬ੍ਰਬਾਦ ਕੀਤਾ ਜਾਂਦਾ ਹੈ,

ਗੁਲਾਮ ਕੌਮ ਆਪਨੀ ਜੇਬ ਵਿੱਚੋਂ ਰੁਪੱਯਾ ਖ਼ਰਚ ਕਰਕੇ ਰਾਜ ਨਹੀ ਕਰਦੀ ਹੈ, ਸਾਰਾ ਰੁਪੱਯਾ ਗੁਲਾਮ ਪ੍ਰਜਾ ਤੋਂ ਲਿਆ ਜਾਂਦਾ ਹੈ, ਅਤੇ ਓਸੇ ਰੁਪੱਏ ਵਿੱਚੋਂ ਉਹਨਾਂ ਦੇ ਪੈਰਾਂ ਵਿੱਚ ਬੇੜੀਆਂ ਪਾਈਆਂ ਜਾਂਦੀ-ਆਂ ਹਨ, ਹਿੰਦੋਸਤਾਨੀ ਅਜੇਹੇ ਬੇ ਵਕੂਫ਼ ਅਤੇ ਬੇ ਹਿੰਮੱਤ ਹਨ, ਕਿ ਆਪਨੀ ਹੀ ਜੁੱਤੀ ਆਪਨੇ ਹੀ ਸਿਰ ਵਜਦੀ ਦੇਖਦੇ ਹੋਏ ਗ਼ਦਰ ਕਰਨ ਨੂੰ ਤਯਾਰ ਨਹੀ ਹੁੰਦੇ, ਪ੍ਰ ਹੁਨ ਵਕ਼ਤ ਆ ਗਿਆ ਹੈ, ਕਿ ਇਹ ਅੰਧੇਰ ਦੂਰ ਹੋ, ਅਤੇ ਹਿੰਦੋਸਤਾਨ ਏਸ ਭਾਰੀ ਬੋਝ ਤੋਂ ਛੁਟਕਾਰਾ ਪਾਵੇ, ਜੋ ਉਹਦੀ ਪਿੱਠ ਤੇ ਲਦਿੱਆ ਹੋਇਆ ਹੈ, ਤਦ ਇੱਕ ਦਿਨ ਸਾਰੀ ਅੰਗ੍ਰੇਜ਼ੀ ਫੌਜ ਨੂੰ ਸ਼ਿਕਸਤ ਦੇ ਕੇ ਬੇਹਤ ਸਾਲਾਂ ਦੇ ਜ਼ੁਲਮ ਦਾ ਬਦਲਾ ਲਿਆ ਜਾਵੇਗਾ!

## (੭) ਪਲੇਗ ਨਾਲ ਮੌਤਾਂ

ਜ਼ਾਲਮ ਪਲੇਗ ਸਨ ੧੮੯੬ ਵਿੱਚ ਪੈਹਲੀ ਵੇਰਾਂ ਹਿੰਦੋਸ-ਤਾਨ ਵਿੱਚ ਜ਼ਾਹਿਰ ਹੋਈ, ਅਤੇ ਹੁਨ ਤੱਕ ਸਾਰੇ ਇਲਾਕ਼ਿਆਂ ਵਿੱਚ ਫ਼ੈਲ ਗਈ ਹੈ, ਏਸ ਆਫ਼ਤ ਦਾ ਟਾਕਰਾ ਕਰਨ ਵਾਸਤੇ ਕ਼ੌਮ ਨੇ ਕੋਈ ਕੋਸ਼ਿਸ਼ ਨਹੀ ਕੀਤੀ, ਅਤੇ ਨਾ ਹੀ ਗਵਰਮਿੰਟ ਨੇ ਕੁੱਛ ਪ੍ਰਵਾਹ ਕੀਤੀ, ਗਵਰਮਿੰਟ ਨੇ ਕ਼ੌਮ ਨੂੰ ਇਤਨਾ ਕਮਜ਼ੋਰ ਅਤੇ ਬੇ ਜਾਨ ਕਰ ਦਿੱਤਾ ਹੈ, ਕਿ ਲੀਡਰ ਕੋਈ ਵੱਡਾ ਕੰਮ ਆਪਨੇ ਜ਼ੁੱਮੇ ਨਹੀ ਲੈ ਸਕਦੇ ਅਤੇ ਹਰ ਇੱਕ ਬਾਤ ਵਿੱਚ ਗਵਰਮਿੰਟ ਦਾ ਮੂੰਹ ਤਕਦੇ ਹਨ, ਅਤੇ ਗਵਰਮਿੰਟ ਜੋ ਕ਼ੌਮ ਦੀ ਦੁਸ਼ਮਨ ਹੈ ਦੇਸ਼ ਦੀ ਭਲਾਈ ਵਾਸਤੇ ਕਿਉਂ ਤਜਵੀਜ਼ਾਂ ਸੋਚੇਗੀ! ਉਸ ਨੂੰ ਕੀ ਮਤਲਬ, ਕਿ ਹਿੰਦੋਸਤਾਨੀ-ਆਂ ਦੇ ਸੁੱਖ ਦਾ ਪ੍ਰਬੰਧ ਕਰੇ, ਸਗੋਂ ਸਰਕਾਰ ਦਾ ਏਸ ਵਿੱਚ ਫ਼ਾਇਦਾ ਹੈ, ਕਿ ਹਿੰਦੀ ਕਾਲ ਅਤੇ ਬੀਮਾਰੀ ਨਾਲ ਘੁਬਰਾਏ ਰਹਿਨ, ਤਾ ਕਿ ਘੁਬਰਾਹਟ ਅਤੇ ਨਿਰਾਸਤਾ ਨਾਲ ਇਹਨਾਂ ਦੇ ਦਿਲ ਬੈਠ ਜਾਨ ਅਤੇ ਆਜ਼ਾਦੀ ਰੂਪੀ ਸੂਰਜ ਦੀਆਂ ਕਿਰਨਾਂ ਉਹਨਾਂ ਦੇ ਹਨੇਰੇ ਘਰ ਵਿੱਚ ਨਾ ਪੌਹਚਨ! ਆਜ਼ਾਦ ਬਗ਼ਾਵਤ ਦਾ ਸੰਦੇਸਾ ਲੋਕਾਂ

ਵੰਦੀ ਹੈ, ਉਮੇਦ ਆਜ਼ਾਦੀ ਦੀ ਕ਼ਾਸਦ (ਹਲਕਾਰਾ) ਹੈ, ਬਸ ਪਲੇਗ ਨਾਲ ਜੋ ਨਿਰਾਸਤਾ ਕੌਮੀ ਰੂਹ ਉੱਤੇ ਸਾਵਨ ਦੇ ਬਦਲਾਂ ਸਮਾਨ ਛਾਈ ਹੋਈ ਹੈ, ਉਸ ਨਾਲ ਡਾਕੂ ਸਰਕਾਰ ਨੂੰ ਫਾਇਦਾ ਹੀ ਫਾਇਦਾ ਹੈ,

ਯੂਰਪ ਵਿੱਚ ਚੌਧਵੀਂ ਸਦੀ ਵਿੱਚ ਜੋ ਪਲੇਗ ਆਈ ਸੀ ਉਸ ਦੇ ਬਾਦ ਦੁਨੀਆਂ ਦੀ ਤਵਾਰੀਖ ਵਿੱਚ ਹੁਣ ਹਿੰਦੋਸਤਾਨ ਵਿੱਚ ਹੀ ਅਜੇਹੀ ਭਿਆਨਕ ਪਲੇਗ ਫੈਲੀ ਹੋਈ ਹੈ, ਇਸ ਤੋਂ ਸਾਫ਼ ਜ਼ਾਹਿਰ ਹੈ, ਕਿ ਬਦ ਕਿਸਮਤ ਹਿੰਦੋਸਤਾਨ ਕੈਸੀ ਅਜੀਬ ਮੁਸੀਬਤਾਂ ਦਾ ਸ਼ਿਕਾਰ ਹੋ ਰਿਹਾ ਹੈ, ਅਤੇ ਅਜੇਹੀ ਭੈੜੀ ਦਿਸ਼ਾ ਦਾ ਕੋਈ ਕਾਰਨ ਭੀ ਜ਼ਰੂਰ ਹੈ, ਪਲੇਗ ਏਸ ਵਜਾ ਸੇ ਫੈਲੀ ਹੈ, ਕਿ ਸਰਕਾਰ ਪਰਜਾ ਦੀ ਸ਼ਰੀਰਕ ਰਖਸ਼ਿਆ ਵਾਸਤੇ ਕਾਫੀ ਰੁਪੈਯਾ ਖਰਚ ਨਹੀਂ ਕਰਦੀ, ਅਤੇ ਪਰਜਾ ਗ਼ਰੀਬੀ ਦੇ ਕਾਰਨ ਬੁਰੀ ਖੁਰਾਕ ਖਾਂਦੀ ਹੈ, ਅੰਧੇਰੇ ਅਤੇ ਗੰਦੇ ਘਰਾਂ ਵਿੱਚ ਰਹਿੰਦੀ ਹੈ! ਮੈਲੇ ਕਪੜੇ ਪਹਿਨਦੀ ਹੈ, ਅਤੇ ਸ਼ਰੀਰਕ ਰਖਿੱਆ ਦੇ ਅਸੂਲਾਂ ਉੱਤੇ ਅਮਲ ਨਹੀਂ ਕਰ ਸਕਦੀ, ਬਸ ਪਲੇਗ ਨੂੰ ਦੂਰ ਕਰਨ ਵਾਸਤੇ ਪਹਿਲਾਂ ਦੂਜੀ ਪਲੇਗ ਨੂੰ ਦੂਰ ਕਰਨਾ ਚਾਹੀਏ! ਯਾਨੀ ਅੰਗ੍ਰੇਜ਼ੀ ਰਾਜ ਨੂੰ!

ਹੇਠ ਲਿਖੇ ਅੰਗਾਂ ਤੋਂ ਅੰਗ੍ਰੇਜ਼ੀ ਇਲਾਕੇ ਵਿੱਚ ਪਲੇਗ ਦੇ ਫੈਲਨ ਦਾ ਹਾਲ ਮਾਲੂਮ ਹੋਵੇਗਾ!

ਸਨ ੧੮੯੧ ਤੋਂ ਲੈ ਕੇ ੧੯੦੨ ਤੱਕ ੯ ਲੱਖ ੯੫ ਹਜ਼ਾਰ ਮੌਤਾਂ

| | | | | | | | |
|---|---|---|---|---|---|---|---|
| ,, | ੧੯੦੩ | ਵਿੱਚ | ੭ | ,, | ੨ | ,, | ,, |
| ,, | ੧੯੦੪ | ,, | ੯ | ,, | ੩੬ | ,, | ,, |
| ,, | ੧੯੦੫ | ,, | ੯ | ,, | ੪੧ | ,, | ,, |
| ,, | ੧੯੦੬ | ,, | ੩ | ,, | ੦੦ | ,, | ,, |
| ,, | ੧੯੦੭ | ,, | ੧੧ | ,, | ੬੬ | ,, | ,, |
| ,, | ੧੯੦੮ | ,, | ੧ | ,, | ੧੪ | ,, | ,, |
| ,, | ੧੯੦੯ | ,, | ੧ | ,, | ੪੫ | ,, | ,, |

| | | | | | |
|---|---|---|---|---|---|
| ਸਨ | ੧੯੧੦ | ਵਿੱਚ | ੪ ਲੱਖ | ੧੩ ਹਜ਼ਾਰ | ਮੌਤਾਂ |
| " | ੧੯੧੧ | " | ੭ " | ੩੪ " | " |
| " | ੧੯੧੨ | " | ੨ " | ੧੩ " | " |
| | ਕੁਲ ਜੋੜ | | ੯੭ ਲੱਖ | ੨੨ ਹਜ਼ਾਰ | ਮੌਤਾਂ |

ਇਹ ਸਿਰਫ ਅੰਗ੍ਰੇਜ਼ੀ ਰਪੋਟ ਹੈ, ਜੋ ਫਰਜ਼ੀ ਬਨਾਈ ਹੋਈ ਹੁੰਦੀ ਹੈ, ਅਸਲ ਵਿੱਚ ਪਿਛਲੇ ੨੦ ਸਾਲਾਂ ਦੇ ਅੰਦਰ ਡੇੜ ਕਰੋੜ ਤੋਂ ਭੀ ਜ਼ਿਆਦਾ ਮੌਤਾਂ ਪਲੇਗ ਨਾਲ ਹੋਈਆਂ ਹਨ,

ਖਿਆਲ ਕਰੋ, ਕਿ ਇਤਨੀ ਬੜੀ ਵਸੋਂ ਪਲੇਗ ਨਾਲ ਹੀ ਨਾਸ਼ ਹੋ ਗਈ! ਏਸ ਜ਼ਾਲਮ ਨੇ ਘਰਾਂ ਦੇ ਘਰ ਬ੍ਰਬਾਦ ਕਰ ਦਿੱਤੇ, ਪਿੰਡ ਉਜਾੜ ਦਿੱਤੇ, ਮਹਬਤੀਆਂ ਨੂੰ ਵਿਛੋੜ ਦਿੱਤਾ! ਹਰ ਰੂਹ ਗ਼ਮ ਅਤੇ ਸੋਗ ਦੇ ਬਦੱਲ ਛਾਏ ਹੋਏ ਹਨ, ਸਾਰੀ ਕੌਮ ਨੂੰ ਸੋਗ ਰੂਪੀ ਕੜਾਹੇ ਵਿੱਚ ਤਲਿਆ ਜਾ ਰਿਹਾ ਹੈ, ਬਸ ਏਸ ਜ਼ਾਲਮ ਪਲੇਗ ਪਾਸੋਂ ਛੁਟਕਾਰਾ ਕਰੌਣ ਵਾਸਤੇ ਬੋਹਤ ਛੇਤੀ ਗ਼ਦਰ ਆਮ ਸ਼ੁਰੂ ਕਰਨਾ ਚਾਹੀਏ! ਅੰਗ੍ਰੇਜ਼ੀ ਰਾਜ ਦੇ ਨਾਲ ਹੀ ਪਲੇਗ ਭੀ ਹਿੰਦੋਸਤਾਨ ਵਿਚੋਂ ਚਲੀ ਜਾਵੇਗੀ!

## (੮) ਪੰਜਾਬ ਵਿੱਚ ਬੀਮਾਰੀ

ਪਿਛਲੇ ਸਾਲਾਂ ਵਿੱਚ ਸੂਬਾ ਪੰਜਾਬ ਕਈ ਤ੍ਰਾਂ ਦੀਆਂ ਮੁਸੀਬਤਾਂ ਵਿੱਚ ਫਸਿਆ ਰਿਹਾ ਹੈ, ਇਹਨਾਂ ਆਫਤਾਂ ਵਿਚੋਂ ਸਭ ਤੋਂ ਵਡੀ ਆਫਤ ਬੀਮਾਰੀ ਹੀ ਹੈ! ਬੜੀ ਹੈਰਾਨੀ ਦੀ ਗੱਲ ਹੈ, ਕਿ ਪੰਜਾਬ ਦੇ ਆਦਮੀ ਮਜ਼ਬੂਤ ਹਨ, ਪ੍ਰ ਫੇਰ ਭੀ ਬੀਮਾਰੀ ਦੀ ਜ਼ਿਆਦਤੀ ਹੈ! ਇਸ ਦਾ ਕੀ ਕਾਰਨ ਹੈ, ਸਨ ੧੯੦੭ ਵਿੱਚ ਪਲੇਗ ਏਸ ਜ਼ੋਰ ਦੀ ਸੀ, ਕਿ ਪਿੰਡਾਂ ਦੇ ਪਿੰਡ ਤਬਾਹ ਹੋ ਗਏ, ਅਤੇ ਸ਼ੈਹਰਾਂ ਵਿੱਚ ਕੈਹਰਾਮ ਮਚ ਗਿਆ, ਇਕ ੨ ਜ਼ਿਲੇ ਵਿੱਚ ਹਜਾਰਾਂ ਮਰਦ ਔਰਤ ਅਤੇ ਬੱਚੇ ਮਰ ਗਏ, ਜ਼ਿਲਾ ਗੁਜਰਾਂ ਵਾਲੇ ਵਿੱਚ ੭੧੮੦੦ ਮੌਤਾਂ

ਹੋਈਆਂ, ਜ਼ਿਲਾ ਸਿਆਲਕੋਟ ਵਿੱਚ ੬੨੯੦੦, ਜ਼ਿਲਾ ਜਾਲੰਧਰ ਵਿੱਚ ੩੯੭੦੦, ਜ਼ਿਲਾ ਹੁਸ਼ਿਆਰਪੁਰ ਵਿਚ ੩੯੭੦੫, ਜ਼ਿਲਾ ਲਾਹੌਰ ਵਿੱਚ ੪੭੪੦੦, ਜ਼ਿਲਾ ਅੰਮ੍ਰਿਤਸਰ ਵਿੱਚ ੨੪੭੦੦, ਜ਼ਿਲਾ ਲੁਧਿਆਨਾ ਵਿੱਚ ੨੨੩੦੦, ਜ਼ਿਲਾ ਫ਼ੀਰੋਜ਼ਪੁਰ ਵਿੱਚ ੨੯੫੦੦, ਸਾਰੇ ਸੂਬੇ ਵਿੱਚ ਸਨ ੧੯੦੭ ਵਿੱਚ ਹੀ ੬ ਲੱਖ ੫ ਹਜ਼ਾਰ ਮੌਤਾਂ ਹੋਈਆਂ, ਕਹਿੰਦੇ ਹਨ, ਕਿ ਪਲੇਗ ਕਮਜ਼ੋਰ ਆਦਮੀਆਂ ਨੂੰ ਸੌਂਤਦੀ ਹੈ, ਪਰ ਪੰਜਾਬ ਨਿਵਾਸੀ ਜ਼ਿਆਦਾ ਕਮਜ਼ੋਰ ਨਹੀ ਹਨ, ਮੌਤਾਂ ਪਿੰਡਾਂ ਵਿੱਚ ਹੀ ਜ਼ਿਆਦਾ ਹੋਈਆਂ, ਭਾਵੇਂ ਸ਼ੈਹਰਾਂ ਵਿੱਚ ਭੀ ਗਿਨਤੀ ਜ਼ਿਆਦਾ ਰਹੀ! ਜਿਨਾਂ ਨੂੰ ਸਨ ੧੯੦੭ ਯਾਦ ਹੈ, ਉਹਨਾਂ ਦੇ ਦਿਲ ਉੱਤੇ ਅਜੇ ਹੀ ਹਧੀਨਗੀ ਅਤੇ ਗ਼ਮ ਦੇ ਖਿਆਲ ਨਾਲ ਸੱਪ ਲੋਟ ਜਾਂਦਾ ਹੈ,

ਸਨ ੧੯੦੮ ਵਿੱਚ ਪਲੇਗ ਜ਼ਰਾ ਮੱਧਮ ਰਹੀ, ਪਰ ਬੁਖ਼ਾਰ ਦਾ ਜ਼ੋਰ ਹੋਇਆ, ਅਸਲ ਵਿੱਚ ਬੁਖ਼ਾਰ ਹਰ ਸਾਲ ਹਜ਼ਾਰਾਂ ਲੱਖਾਂ ਹੀ ਮੌਤਾਂ ਦਾ ਕਾਰਨ ਹੈ, ਪਰ ਅਸੀਂ ਲੋਕ ਪਰਵਾਹ ਨਹੀ ਕਰਦੇ, ਸਨ ੧੯੦੮ ਵਿੱਚ ਬੁਖ਼ਾਰ ਨੇ ਸ਼ੈਹਰਾਂ ਵਿਚ ਕਾਰੋ ਬਾਰ ਬੰਦ ਕਰ ਦਿੱਤੇ! ਪਰਜਾ ਬਿਲਕੁਲ ਬੇ ਬਸ ਹੈਰਾਨ ਅਤੇ ਪ੍ਰੇਸ਼ਾਨ ਰਹੀ, ਸਨ ੧੯੦੮ ਵਿੱਚ ਕੁਲ ਮੌਤਾਂ ੬੯੭੦੦੦ ਹੋਈਆਂ, ਅਤੇ ਸਨ ੧੯੦੭ ਵਿੱਚ ਪਲੇਗ ਨਾਲ ੬੦੫੦੦੦ ਮੌਤਾਂ ਹੋਈਆ, ਇਹਨਾਂ ਅੰਕਾਂ ਤੋਂ ਸਾਬਤ ਹੁੰਦਾ ਹੈ, ਕਿ ਬੁਖ਼ਾਰ ਪਲੇਗ ਨਾਲੋਂ ਕਿਸੇ ਡਾਬੇ ਘਟ ਨਹੀ ਹੈ, ਜ਼ਿਆਦਾ ਅਫ਼ਸੋਸ ਦੀ ਗਲ ਇਹ ਹੈ, ਕਿ ਬਚਿੱਆ ਦੀਆਂ ਮੌਤਾਂ ਜ਼ਿਆਦਾ ਹੁੰਦੀਆਂ ਹਨ, ਏਸ ਸਾਲ ਵਿੱਚ ਦੱਸ ਸਾਲ ਤੋਂ ਘਟ ਉਮਰ ਦੇ ੩੯੩੦੦੦ ਬੱਚੇ ਚਲਦੇ ਹੋਏ, ਸਮਝੋ ਕੁਲ ਮੌਤਾਂ ਵਿਚੋਂ ਅੱਧੀ ਜੇ ਜ਼ਿਆਦਾ ਬਚਿੱਆਂ ਦੀਆਂ ਮੌਤਾਂ ਹੋਈਆ, ਇਹ ਕਿਸੇ ਭੀ ਕੌਮ ਵਾਸਤੇ ਕੈਸਾ ਭਿਆਨਕ ਅਤੇ ਦਰਦ ਭਰਿਆ ਝਾਕਾ ਹੈ, ਵਖੋ ਵਖਰੇ ਜ਼ਿਲਿਆਂ ਦਾ ਹਾਲ ਹੇਠ ਲਿਖੇ ਅੰਗਾਂ ਤੋਂ ਸਾਬਤ ਹੋ ਸਕਦਾ ਹੈ!

ਸਨ ੧੯੦੮ ਵਿੱਚ ਬੁਖ਼ਾਰ ਨਾਲ ਮੌਤਾਂ

| | |
|---|---|
| ਜ਼ਿਲਾ ਜਾਲੰਧਰ | ੨੨ ਹਜ਼ਾਰ |

| | | |
|---|---|---|
| ਜ਼ਿਲਾ ਹੁਸ਼ਿਆਰਪੁਰ | ੩੦ ਹਜ਼ਾਰ | |
| " ਅੰਮ੍ਰਿਤ ਸਰ | ੪੫ " | ੧ ਸੌ |
| " ਲੁਧਿਆਣਾ | ੧੭ " | ੫ " |
| " ਫ਼ੀਰੋਜ਼ਪੁਰ | ੨੮ " | .. " |
| " ਲਾਹੌਰ | ੪੨ " | ੫ " |

ਕਿਸੇ ਭੀ ਸੁਚਿੱਤ ਦੇਸ਼ ਵਿੱਚ ਇਤਨੀ ਬੀਮਾਰੀ ਨਹੀਂ ਹੋ ਸਕਦੀ ਕਿਉਂਕਿ ਉਥੇ ਗੌਰਮਿੰਟ ਦੀ ਵਲੋਂ, ਸਰੀਰਕ ਰਖਯਾ ਦਾ ਕਾਫ਼ੀ ਪ੍ਰਬੰਧ ਹੁੰਦਾ ਹੈ, ਲੋਕ ਹਿੰਦੋਸਤਾਨੀਆਂ ਨਾਲੋਂ ਅੱਛੀ ਖ਼ੁਰਾਕ ਖਾਂਦੇ ਹਨ, ਕਪੜੇ ਕਾਫ਼ੀ ਪੈਹਨਦੇ ਹਨ, ਅਤੇ ਸਾਫ਼ ਮਕਾਨਾਂ ਵਿੱਚ ਰਹਿੰਦੇ ਹਨ, ਬੀਮਾਰੀ ਤਾਂ ਸਾਰੇ ਦੇਸ਼ਾਂ ਵਿੱਚ ਮਨੁਸ਼ਖਮਾਤ੍ਰ ਨੂੰ ਦੁੱਖ ਦੇਂਦੀ ਹੈ, ਪਰ ਹਿੰਦੋਸਤਾਨ ਵਿੱਚ ਤਾਂ ਅਜ ਕਲ ਏਸਨੇ ਆਪਨਾ ਰਾਜ ਜਮਾ ਰੱਖਿਆ ਹੈ,

ਹਰ ਹਿੰਦੋਸਤਾਨੀ ਨੂੰ ਸੋਚਨਾ ਚਾਹੀਏ, ਕਿ ਇਸਦੇ ਆਪਨੇ ਜ਼ਿਲੇ ਅਤੇ ਸੂਬੇ ਵਿੱਚ ਬੀਮਾਰੀ ਕਿਉਂ ਜ਼ਿਆਦਾ ਹੈ, ਫੇਰ ਸੋਚਨਾ ਚਾਹੀਏ, ਕਿ ਕੁਲ ਦੇਸ਼ ਵਿੱਚ ਬੀਮਾਰੀ ਕਿਉਂ ਜ਼ਿਆਦਾ ਹੈ? ਏਸੇ ਤ੍ਰਾਂ ਸੋਚਦੇ ੨ ਪਤਾ ਲੱਗੇਗਾ! ਕਿ ਬੀਮਾਰੀ ਦਾ ਅਸਲੀ ਸਬਬ ਅੰਗ੍ਰੇਜ਼ੀ ਗੌਰਮਿੰਟ ਹੈ, ਜਿਸ ਨੂੰ ਤਬਾਹ ਅਤੇ ਬਰਬਾਦ ਕਰਨ ਵਿੱਚ ਦੇਰੀ ਨਹੀਂ ਕਰਨੀ ਚਾਹੀਏ

## (੯) ਕੈਹਤ ਦਾ ਸਬਬ ਅਸਲ ਵਸੋਂ ਨਹੀਂ ਹੈ.

### ਦੂਜੇ ਦੇਸ਼ਾਂ ਨਾਲ ਮੁਕਾਬਲਾ

ਹਿੰਦੋਸਤਾਨ ਵਿੱਚ ਅੰਗ੍ਰੇਜ਼ੀ ਸਰਕਾਰ ਦੇ ਹਮੈਤੀ ਅਕਸਰ ਆਖਦੇ ਹਨ, ਕਿ ਹਿੰਦੋਸਤਾਨ ਵਿੱਚ ਕੈਹਤ ਏਸ ਕਰਕੇ ਪੈਂਦਾ ਹੈ, ਕਿ ਵਸੋਂ ਜ਼ਿ-ਆਦਾ ਹੈ, ਅਤੇ ਖੁਰਾਕ ਕਾਫ਼ੀ ਪੈਦਾ ਨਹੀਂ ਹੁੰਦੀ! ਹਿੰਦੋਸਤਾਨ ਦੇ ਆਦਮੀ ਦੂਜੇ ਦੇਸ਼ਾਂ ਵਿੱਚ ਵਸਣਾ ਨਹੀਂ ਚਾਹੁੰਦੇ, ਇੱਕ ਜ਼ਿਲੇ ਦੇ ਆਦਮੀ ਦੂਜੇ ਜ਼ਿਲੇ ਜ਼ਿਲੇ ਵਿੱਚ ਜਾਨਾ ਪਸੰਦ ਨਹੀਂ ਕਰਦੇ, ਸਗੋਂ ਕਿਰਸਾਨ ਤਾਂ ਆ-ਪਨੇ ਪਿੰਡ ਨਾਲ ਅਜੇਹਾ ਪਿਆਰ ਕਰਦੇ ਹਨ, ਕਿ ਜੋ ਮੀਲ ਪਰ੍ਹੇ ਜਾ ਕੇ ਰੈਹਨ

ਨਹੀਂ ਹੋਂਦੇ, ਫੇਰ ਓਸੇ ਜ਼ਮੀਨ ਉੱਤੇ ਵੱਸੋਂ ਵਧਦੀ ਜਾਂਦੀ ਹੈ, ਅਤੇ ਕੈਹਤ ਪੈਂਦੇ ਹਨ! ਇਹ ਦਲੀਲ ਬਿਲਕੁਲ ਗ਼ਲਤ ਅਤੇ ਝੂਠੀ ਹੈ, ਕਿਉਂ ਕਿ ਸਚਾਈ ਦੇ ਉਹ ਹੁਸ਼ਿਆਰ ਸਿਪਾਹੀ ਜੋ ਹਮੇਸ਼ਾਂ ਆਪਣੀ ਜਗਾ ਖੜੇ ਰੈਂਹਦੇ ਹਨ, ਯਾਨੀ ਅੰਗ! ਏਸ ਝੂਠ ਦੇ ਮੂੰਹ ਵਿੱਚ ਖਾਕ ਭਰ ਦੇਂਦੇ ਹਨ, ਅਤੇ ਸਾਬਤ ਕਰਦੇ ਹਨ, ਕਿ ਹਿੰਦੋਸਤਾਨ ਵਿੱਚ ਅਜੇ ਵੱਸੋਂ ਬੋਹਤ ਥੋੜੀ ਹੈ, ਜੇ ਕਰ ਗਵਰਮਿੰਟ ਜ਼ਾਲਮ ਨਾ ਹੋ ਅਤੇ ਗ਼ਰੀਬਾਂ ਨੂੰ ਮਦੱਦ ਦਿੱਤੀ ਜਾਵੇ, ਤਾਂ ਹਿੰਦੋਸਤਾਨ ਦੇ ਅੰਦਰ ਹੀ ਬੋਹਤ ਗ਼ੈਰ ਆਬਾਦ ਇਲਾਕੇ ਹਨ ਜਿੱਥੇ ਬਸਤੀਆਂ ਬਸਾਈਆਂ ਜਾ ਸਕਦੀਆਂ ਹਨ, ਅਤੇ ਹਰ ਜ਼ਿਲੇ ਦੀ ਆਮਦਨੀ ਦੱਸ ਗੁਣੀ ਵੀਹ ਗੁਣੀ ਵਧ ਸਕਦੀ ਹੈ, ਹੁਣ ਹੀ ਥੋੜੇ ਵਿਦਵਾਨਾਂ ਨੇ ਤਮਾਮ ਦੇਸ਼ਾਂ ਦੀ ਵੱਸੋਂ ਬਾਬਤ ਹਿੰਦਸੇ ਅਕੱਠੇ ਕੀਤੇ ਹਨ, ਇਨ ਸੇ ਜਾਹਿਰ ਹੁੰਦਾ ਹੈ, ਬਜਾਏ ਬੋਹਤ ਵੱਸੋਂ ਦੇ ਹਿੰਦੋਸਤਾਨ ਵਿੱਚ ਵੱਸੋਂ ਦਾ ਘਾਟਾ ਹੈ, ਯੂਰਪ ਦੇ ਕਈ ਦੇਸ਼ਾਂ ਦੀ ਨਿਸਬਤ ਸਾਡੇ ਦੇਸ਼ ਵਿੱਚ ਵੱਸੋਂ ਬੋਹਤ ਥੋੜੀ ਹੈ, ਸਗੋਂ ਜਾਪਾਨ ਭੀ ਸਾਡੇ ਨਾਲੋਂ ਜ਼ਿਆਦਾ ਵੱਸੋਂ ਦੀ ਪਾਲਣਾ ਕਰ ਰਿਹਾ ਹੈ, ਜੇ ਕਰ ਪ੍ਰਸ਼ਨ ਕੀਤਾ ਜਾਵੇ, ਕਿ ਬਿਲਜੀਅਮ ਦੇਸ਼ ਵਿੱਚ ਕੈਹਤ ਕਿਉਂ ਨਹੀਂ ਪੈਂਦੇ, ਹਾਲਾਂ ਕੇ ਓਥੋਂ ਦੀ ਵੱਸੋਂ ਹਿੰਦੋਸਤਾਨ ਨਾਲੋਂ ਚਾਰ ਗੁਣਾਂ ਜ਼ਿਆਦਾ ਹੈ, ਤਾਂ ਅੰਗ੍ਰੇਜ਼ੀ ਗਵਰਮਿੰਟ ਦੇ ਹਮੈਤੀ ਕੀ ਉੱਤਰ ਦੇ ਸਕਦੇ ਹਨ? ਹੇਠ ਲਿਖੇ ਨਕਸ਼ੇ ਤੋਂ ਸਾਬਤ ਹੋਵੇਗਾ, ਕਿ ਕਿਤਨੇ ਹੋਰ ਦੇਸ਼ਾਂ ਵਿੱਚ ਵੱਸੋਂ ਹਿੰਦੋਸਤਾਨ ਨਾਲੋਂ ਜ਼ਿਆਦਾ ਵਸਦੀਆਂ ਹਨ, ਲੇਕਨ ਓਥੇ ਹਿੰਦੋਸਤਾਨ ਜੈਸੀ ਗ਼ਰੀਬੀ ਨਹੀਂ

ਵੱਸੋਂ ਦੇ ਮੁਤਅਲਕ ਨਕਸ਼ਾ

| ਨਾਮ ਮੁਲਕ | ਕਸਰਤ ਆਬਾਦੀ ਫੀ ਮੁਰੱਬਾ ਮੀਲ |
|---|---|
| ਬਿਲਜੀਅਮ | ੬੨੮ ਆਦਮੀ |
| ਹਾਲੈਂਡ | ੪੪੫ " |
| ਇੰਗਲੈਂਡ | ੩੫੬ " |
| ਜਾਪਾਨ | ੩੨੫ " |

| ਨਾਮ ਮੁਲਕ | ਕਸਰਤ ਆਬਾਦੀ ਫੀ ਮੁਰੱਬਾ ਮੀਲ |
|---|---|
| ਇਟਲੀ | ੩੦੪ ਆਦਮੀ |
| ਜਰਮਨੀ | ੨੯੦ " |
| ਆਸਟ੍ਰੀਆ | ੨੩੩ " |
| ਸੁਇਟਜ਼ਰਲੈਂਡ | ੨੧੭ " |
| ਫਰਾਂਸ | ੧੯੦ " |
| ਡਨਮਾਰਕ | ੧੬੮ " |
| ਹਿੰਦੋਸਤਾਨ | ੧੬੭ " |

ਇਹਨਾਂ ਅੰਗਾਂ ਤੋਂ ਸਾਡੇ ਵਿਰੋਧੀਆਂ ਦੀ ਬੇ ਬਦੀ ਦਲੀਲ ਦੇ ਪੁਰਖ਼ਚੇ ਉਡ ਜਾਂਦੇ ਹਨ, ਹਿੰਦੋਸਤਾਨ ਵਿੱਚ ਅਜੇ ਕਰੋੜਾਂ ਹੋਰ ਆਦਮੀ ਰਹਿ ਸਕਦੇ ਹਨ, ਬਸ਼ਰਤੇ ਕਿ ਗਵਰਮਿੰਟ ਜ਼ਾਲਮ ਨਾ ਹੋਵੇ, ਪ੍ਰਜਾ ਬਲਵਾਨ ਹੋਵੇ, ਅਤੇ ਖੇਤੀ ਦੇ ਨਵੇਂ ਤਰੀਕੇ ਵਰਤੇ ਜਾਣ! ਮਗਰ ਪਹਿਲੀ ਸ਼ਰਤ ਸਭ ਤੋਂ ਜ਼ਿਆਦਾ ਹੈ, ਕਿਉਂਕਿ ਗਵਰਮਿੰਟ ਦੇ ਘੋਰ ਜ਼ੁਲਮ ਦੇ ਸਾਮ੍ਹਣੇ ਉੱਨਤੀ ਦੇ ਸਾਰੇ ਸਾਧਨ ਬੇ ਫਾਇਦਾ ਜਾਂਦੇ ਹਨ, ਜਦ ਤੱਕ ਲਗਾਨ ਘਟ ਨਾ ਹੋਵੇ, ਕ੍ਰਿਸਾਣ ਨੂੰ ਮਲਕੀਅਤ ਦੇ ਹੱਕ ਨਾ ਦਿੱਤੇ ਜਾਣਗੇ, ਹਾਕਮਾਂ ਦੀ ਤਰਫ਼-ਵਿਚ ਖ਼ੁਸ਼ੀ ਦਾ ਪ੍ਰਬੰਧ ਨਾ ਹੋਵੇਗਾ, ਅਤੇ ਦੂਜੇ ਦੇਸਾਂ ਨਾਲੋਂ ਉੱਚ ਦਰਜੇ ਦੀ ਵਿਦਿਆ ਨਾ ਸਿੱਖੀ ਜਾਵੇ, ਤਦ ਤਕ ਖੇਤੀ ਦੀ ਉੱਨਤੀ ਅਸੰਭਵ ਹੈ, ਅਤੇ ਖੇਤੀ ਦੀ ਉੱਨਤੀ ਨਾਲ ਹੀ ਵਸੋਂ ਵਧ ਸਕਦੀ ਹੈ, ਜੇ ਕਰ ਹੁਣ ਭੀ ਗਵਰਮਿੰਟ ਲਗਾਨ ਅਤੇ ਟੈਕਸਾਂ ਦੇ ਜ਼ਰੀਏ ਕਰੋੜਾਂ ਰੁਪੈਏ ਦੇਸ ਵਿਚੋਂ ਲੁੱਟ ਕੇ ਨਾ ਲੈ ਜਾਵੇ, ਤਾਂ ਹਿੰਦੋਸਤਾਨ ਦੀ ਪ੍ਰਜਾ ਖ਼ੁਸ਼ੀ ਨਾਲ ਜੀਵਨ ਬਤੀਤ ਕਰ ਸਕਦੀ ਹੈ, ਕਿਉਂਕਿ ਇਸ ਦੇਸ਼ ਦੀ ਜ਼ਮੀਨ ਸੁਵਰਨ ਉਗਲਦੀ ਹੈ, ਪ੍ਰ ਜਦ ਤਕ ਜ਼ਾਲਮ ਗਵਰਮਿੰਟ ਹੈ ਤਦ ਤੱਕ ਥੋੜੀ ਵਸੋਂ ਵਿੱਚ ਭੀ ਕਾਲ ਅਤੇ ਗਰੀਬੀ ਦਾ ਤਲਵਾਰ ਫ਼ੀ ਬਾਰਾ ਸਿਰ ਤੇ ਸਵਾਰ ਰਹੇਗਾ!

ਗਵਰਮਿੰਟ ਇੰਗਲੈਂਡ ਵਿੱਚ ਕਿਤਨਾ ਰੁਪੈਯਾ ਖ਼ਰਚ ਕਰਦੀ ਹੈ,

## (੧੦) ਚੋਰਾਂ ਦੀ ਖੂੰਦੂ

ਅਲੀ ਬਾਬਾ ਅਤੇ ਚਾਲੀ ਚੋਰਾਂ ਦੀ ਕਹਾਨੀ ਵਿੱਚ ਲਿਖਿਆ ਹੈ, ਕਿ ਚੋਰ ਸ਼ਹਿਰ ਵਿੱਚੋਂ ਲੁੱਟਦਾ ਮਾਲ ਲੇ ਜਾ ਕੇ ਇੱਕ ਖੂੰਦੂ ਵਿਚ ਛੁਪਾ ਦੇਂਦੇ ਸਨ, ਏਸੇ ਤਰ੍ਹਾਂ ਉਹ ਚੋਰਾਂ ਦਾ ਜੱਥਾ ਜਿਸ ਨੂੰ ਅੰਗ੍ਰੇਜ਼ੀ ਸਰਕਾਰ ਆਖਦੇ ਹਨ ਇੱਕ ਖੂੰਦੂ ਵਿਚ ਲੁਟਦਾ ਮਾਲ ਜਮਾ ਕਰਦਾ ਹੈ, ਅਤੇ ਉਸ ਖੂੰਦੂ ਦਾ ਨਾਮ ਇੰਗਲਸਤਾਨ ਹੈ, ਗਵਰਮਿੰਟ ਹਰ ਸਾਲ ਕਰੋੜਾਂ ਰੁਪੈਏ ਹਿੰਦੋਸਤਾਨ ਵਿਚੋਂ ਲੁੱਟ ਕੇ ਇੰਗਲਸਤਾਨ ਲੈ ਜਾਂਦੀ ਹੈ, ਅਤੇ ਗ਼ਰੀਬ ਹਿੰਦੋਸਤਾਨੀਆਂ ਦਾ ਖ਼ੂਨ ਅੰਗ੍ਰੇਜ਼ਾਂ ਦੀ ਸ਼ਰਾਬ ਦਾ ਰੂਪ ਬਨ ਜਾਂਦਾ ਹੈ, ਜਿਨਾਂ ਢੰਗਾਂ ਨਾਲ ਹਿੰਦੋਸਤਾਨ ਨੂੰ ਲੁਟਿਆ ਜਾਂਦਾ ਹੈ, ਉਹਨਾਂ ਢੰਗਾਂ ਦਾ ਸਾਰਾ ਹਾਲ ਇੱਕ ਲੇਖ ਵਿੱਚ ਨਹੀ ਦਿੱਤਾ ਜਾ ਸਕਦਾ। ਅਜ ਅਸੀਂ ਇਹ ਦਸਾਂਗੇ, ਕਿ ਸਰਕਾਰ ਹਿੰਦ ਆਪਨੇ ਮੈਹਕਮਿਆਂ ਦੇ ਜ਼ਰੀਏ ਨਾਲ ਇੰਗਲਸਤਾਨ ਵਿਚ ਕਿਤਨਾ ਰੁਪੈਯਾ ਭੇਜਦੀ ਹੈ, ਇਸ ਤੋਂ ਵਖਰਾ ਜੋ ਅੰਗ੍ਰੇਜ਼ ਬਿਉਪਾਰੀ, ਧੰਨਵਾਨ, ਹਾਕਮ, ਪ੍ਰੋਫ਼ੈਸਰ, ਵਕੀਲ ਜ਼ਿਮੀਦਾਰ, ਰੰਡੀਆਂ ਆਦਕ ਹਿੰਦੋਸਤਾਨ ਵਿੱਚ ਰਹਿੰਦੇ ਹਨ ਉਹ ਭੀ ਆਪਨੀ ਕਮਾਈ ਦਾ ਬੌਹਤਾ ਹਿੱਸਾ ਇੰਗਲੈਂਡ ਭੇਜਦੇ ਹਨ, ਏਸ ਰਕਮ ਦਾ ਅਨਦਾਜ਼ਾ ਫੇਰ ਕਦੇ ਪੇਸ਼ ਕਰਾਂਗੇ, ਜੋ ਰੁਪੈਯਾ ਗਵਰਮਿੰਟ ਦੇ ਜ਼ਰੀਏ ਸਿੱਧਾ ਇੰਗਲੈਂਡ ਭੇਜਿਆ ਜਾਂਦਾ ਹੈ, ਉਹ ਤਕਰੀਬਨ ੨੮ ਕਰੋੜ ੨੯ ਲੱਖ ਰੁਪੈਯਾ ਹੁੰਦਾ ਹੈ, ਇਹ ਰੁਪੈਯਾ ਹੇਠ ਲਿਖੇ ਨਕਸ਼ੇ ਦੇ ਅਨੁਸਾਰ ਦਿਤਾ ਜਾਂਦਾ ਹੈ,

ਨਕਸ਼ਾ ਖ਼ਰਚ ਦਾ ਜੋ ਗਵਰਮਿੰਟ ਹਿੰਦ ਨੇ ਇੰਗਲੈਂਡ ਵਿੱਚ ਸਨ ੧੯੧੧
ਅਤੇ ਸਨ ੧੯੧੨ ਵਿੱਚ ਖ਼ਰਚ ਕੀਤਾ

(੧) ਕਰਜ਼ੇ ਦਾ ਸੂਦ ਅਤੇ ਰੇਲਾਂ ਅਤੇ ਨਹਿਰਾਂ ਦੇ ਰੁਪੈਏ ਦਾ ਸੂਦ ੧੯੫੦੦੦੦੦੦

(੨) ਕੀਮਤ ਮਾਲ ਜੋ ਮਹਿਕਮਿਆਂ ਵਾਸਤੇ ਖ਼ਰੀਦਿਆ ਗਿਆ, ੧੭੯੦੦੦੦੦

(੩) ਸਿਵਲ ਮੈਹਕਮੇ ਦੇ ਬਾਬਤ ਰਕਮ ੩੫੦੦੦੦੦

(੪) ਖ਼ਰਚ ਇੰਡੀਆ ਆਫ਼ਿਸ ੨੭੭੩੦੦੦

| | |
|---|---|
| ਫੌਜੀ ਅਤੇ ਸਮੁੰਦ੍ਰੀ ਖ਼ਰਚ | ੧੫੨੦੦੦੦੦ ਰੁਪੈਏ |
| ਛੁੱਟੀ ਵਾਲਿਆਂ ਦੀ ਤਨਖ਼ਾਹ | ੧੪੮੦੦੦੦੦ ,, |
| ਪੈਨਸ਼ਨਾਂ | ੬੭੨੦੦੦੦੦ ,, |

ਕੁਲ ਜੋੜ ੨੮੬੩੭੩੦੦੦ ਰੁਪੈਏ

ਏਸ ਨਕਸ਼ੇ ਦੇ ਉੱਪਰ ਵਿਚਾਰ ਕਰਨ ਤੋਂ ਮਾਲੂਮ ਹੋਵੇਗਾ, ਕਿ ਕਰਜ਼ੇ ਦਾ ਸੂਦ ਅਤੇ ਰੇਲਾਂ ਅਤੇ ਨਹਿਰਾਂ ਦੇ ਰੁਪੈਏ ਦਾ ਸੂਦ ਇਕ ਵੱਡੀ ਰਕਮ ਹੈ, ਹੁਣ ਪੁੱਛੋ ਕਿ ਇਹ ਕਰਜ਼ਾ ਕੀ ਹੈ, ਇਹ ਠੱਗੀ ਮੁਆਮਲਾ ਹੈ, ਕਿ ਸਾਡੀ ਜੁੱਤੀ ਅਤੇ ਸਾਡੇ ਹੀ ਸਿਰ! ਯਾਨੇ ਗ਼ਦਰ ਸਨ ੫੭ ਵਿੱਚ ਅੰਗ੍ਰੇਜ਼ਾਂ ਦਾ ਜੋ ਖ਼ਰਚ ਹੋਇਆ, ਉਹ ਸਾਰਾ ਏਸ ਕਰਜ਼ੇ ਵਿਚ ਸ਼ਾ-ਮਲ ਹੈ, ਏਸੇ ਤ੍ਰਾਂ ਜੋ ਰੁਪੈਯਾ ਜੰਗਾਂ ਯਾ ਅੰਦਰੂਨੀ ਪ੍ਰਬੰਧ ਦੀਆਂ ਲੋੜਾਂ ਵਾਸਤੇ ਕਰਜ਼ਾ ਲਿਆ ਗਿਆ, ਉਹ ਭੀ ਇਸ ਦਾ ਹਿੱਸਾ ਹੈ, ਅੱਛਾ ਸਾਹਿਬ ਕਿਸ ਤੋਂ ਲਿਆ ਗਿਆ, ਸੋ ਉਹ ਇਹ ਗਲ ਹੈ, ਕਿ ਔਹਮਦੀ ਪਗੜੀ ਮੈਹਮੂਦ ਦੇ ਸਿਰ! ਅਥਵਾ ਇੰਗਲੈਂਡ ਦੇ ਧਨੀ ਆਦਮੀਆਂ ਪਾਸੋਂ! ਸਮਝੋ ਅੰਗ੍ਰੇਜ਼ਾਂ ਦੇ ਪੈਸੇ ਨੂੰ ਅਜੇਹੀ ਜਗਾ ਲਾਇਆ ਜਿਥੋਂ ਸੂਦ ਚੰਗਾ ਵਸੂਲ ਹੋਵੇ! ਅਕਸਰ ਐਸਾ ਹੁੰਦਾ ਹੈ, ਕਿ ਜਿਨਾਂ ਆਦਮੀਆਂ ਨੇ ਹਿੰਦੋ-ਸਤਾਨ ਵਿੱਚ ਰੁਪੈਯਾ ਕਮਾਇਆ ਹੈ, ਉਹ ਗਵਰਮਿੰਟ ਨੂੰ ਕਰਜ਼ਾ ਦੇ ਕੇ ਫੇਰ ਖ਼ੂਬ ਲੁਟ ਦੇ ਹਨ, ਸਮਝੋ ਇੱਕ ਵੇਰਾਂ ਦੀ ਲੁੱਟ ਨੂੰ ਦੋ ਬਾਰ ਤਿੰਨ ਬਾਰ ਲੁੱਟਨ ਦਾ ਬਹਾਨਾ ਬਣੌਂਦੇ ਹਨ, ਰੇਲਾਂ ਪਾਸੋਂ ਸਰਕਾਰ ਨੂੰ ਤਾਕਤ ਪ੍ਰਾਪਤ ਹੁੰਦੀ ਹੈ, ਅਤੇ ਨਹਿਰਾਂ ਤੋਂ ਆਮਦਨੀ ਹੁੰਦੀ ਹੈ, ਇਹਨਾਂ ਦੇ ਬਣੌਣ ਵਾਸਤੇ ਜੋ ਰੁਪੈਯਾ ਇੰਗਲੈਂਡ ਤੋਂ ਲਿਆ ਜਾਂਦਾ ਹੈ, ਉਸ ਦੀ ਬਾਬਤ ਹਰ ਸਾਲ ਕਰੋੜਾਂ ਰੁਪੈਏ ਸੂਦ ਦੇਣਾ ਪੈਂਦਾ ਹੈ, ਖ਼ੂਬ ਸਾਹਿਬ! ਬਾਤ ਤਾਂ ਇੱਕ ਹੈ ਪਰ ਬੋਲਣ ਦੇ ਤਰੀਕੇ ਹਜ਼ਾਰ ਹਨ, ਸਭ ਰੁਪੈਯਾ ਹੈ **ਲੁੱਟ ਦਾ ਮਾਲ!** ਪਰ ਉਸ ਨੂੰ ਬੇਹਤ ਕਿਸਮਾਂ ਵਿੱਚ ਵੰਡਿਆ ਜਾਂਦਾ ਹੈ, ਮਸਲਨ ਸੂਦ (ਵਿਆਜ) ਤਨਖ਼ਾਹ, ਪੈਨਸ਼ਨ ਆਦਕ,

ਇਸ ਤੋਂ ਵਖਰਾ ਪੈਨਸ਼ਨਾਂ ਦੀ ਮਦ ਵਿੱਚ ੬ ਕਰੋੜ ੭੨ ਲੱਖ

ਰੁਪੈਯਾ ਦਰਜ ਹੈ, ਇਹ ਪੈਨਸ਼ਨ ਖੋਰ ਅੰਗ੍ਰੇਜ਼ ਬੜੇ ਹਰਾਮਜ਼ਾਦੇ ਹੁੰਦੇ ਹਨ, ਬੁਢੇਪੇ ਵਿੱਚ ਭੀ ਹਿੰਦੋਸਤਾਨ ਦਾ ਪਿੱਛਾ ਨਹੀ ਛਡਦੇ, ਇੰਗਲੈਂਡ ਦੇ ਹਰ ਸ਼ਹਿਰ ਵਿੱਚ ਇਹ ਮੋਟੀ ਜੋਕਾਂ ਵਸਦੀਆਂ ਹਨ, ਜਿਨਾਂ ਦਾ ਖਰਚ ਪੈਨਸ਼ਨ ਉੱਤੇ ਹੀ ਚਲਦਾ ਹੈ, ਅਤੇ ਜੀਉਂਦੇ ਭੀ ਬੋਹਤ ਹਨ, ਕਿਉਂ ਨਾਂ ਜੀਊਂਹੂ, ਮੁਫਤ ਦਾ ਮਾਲ ਖਾਂਦੇ ਹਨ, ਅਤੇ ਕੰਮ ਕੁਛ ਨਹੀ ਕਰਦੇ! ਥੋੜੇ ਇਲਮੀ ਦਖੇਸਨੇ ਸਾਂਭ ਛਡਦੇ ਹਨ, ਜਾਂ ਪਾਦ੍ਰੀਆਂ ਦੀ ਮਦੱਦ ਕਰਦੇ ਰਹਿੰਦੇ ਹਨ, ਯਾ ਹਿੰਦੋਸਤਾਨੀ ਵਿਦਯਾਰਥੀਆਂ ਨੂੰ ਆਪਨੇ ਜਾਲ ਵਿੱਚ ਫੌਹਣ ਦੀ ਕੋਸ਼ਿਸ਼ ਕਰਦੇ ਹਨ, ਯਾ ਲੰਡਨ ਦੀ ਕੌਂਸਲ ਆਦਿਕ ਦੀ ਮੈਂਮਬ੍ਰੀ ਦੇ ਵਿਯੋਗ ਵਿੱਚ ਰਹਿੰਦੇ ਹਨ, ਯਾ ਪਾਰਲੀਮਿੰਟ ਦੀ ਮੈਂਮਬ੍ਰੀ ਦੇ ਚਾਹਵਾਨ ਹੁੰਦੇ ਹਨ, ਗਲ ਕੀ ਹਿੰਦੋਸਤਾਨ ਦੇ ਰੁਪੈਏ ਨਾਲ ਮੌਜਾਂ ਕਰਦੇ ਹਨ, ਇਹ ਪੈਨਸ਼ਨਖੋਰ ਟੋਲਾ ਹਜਾਰਾਂ ਦੀ ਗਿਣਤੀ ਵਿੱਚ ਮੌਜੂਦ ਹੈ, ਹਿੰਦੋਸਤਾਨੀਆਂ ਨੂੰ ਤਾਂ ਉਹਨਾਂ ਦੀ ਸੂਰਤ ਤੋਂ ਹੀ ਘ੍ਰਿਣਾਂ ਹਨ, ਅਤੇ ਉਹਨਾਂ ਦੇ ਚਿਹਰੇ ਉੱਤੇ ਫਿਟਕਾਰ ਹੀ ਪੈਂਦੀ ਹੈ, ਜਦ ਹਿੰਦੋਸਤਾਨ ਵਿੱਚ ਕਰੋੜਾਂ ਆਦਮੀ ਨਿਹਤ ਗ਼ਰੀਬ ਹਨ, ਤਾਂ ਹਿੰਦੀਆਂ ਵਾਸਤੇ ਸ਼ਰਮ ਦਾ ਮੁਕਾਮ ਹੈ, ਕਿ ਸਾਤ ਹਜਾਰ ਮੀਲ ਤੋਂ ਪਰੇ ਇੱਕ ਬਦਮਾਸ਼ ਲੁਟੇਰੀ ਕੌਮ ਉਹਨਾਂ ਦੇ ਰੁਪੈਏ ਉੱਤੇ ਐਸ਼ ਕਰਦੀ ਹੈ, ਇਨਸਾਫ ਦੀ ਤਲਵਾਰ ਨਾਲ ਏਸ ਰਿਸ਼ਤੇ ਨੂੰ ਦੂਰ ਕਰਨਾ ਚਾਹੀਏ, ਜੋ ਏਸ ਸਨਬੰਧ ਨੂੰ ਕ਼ਾਇਮ ਰਖਦਾ ਹੈ,

ਗਵ੍ਰਮਿੰਟ ਦੇ ਮੌਹਕਮਿਆਂ ਵਾਸਤੇ ਇੰਗਲੈਂਡ ਵਿੱਚ ਚੀਜ਼ਾਂ ਖਰੀਦੀਆਂ ਜਾਂਦੀਆਂ ਹਨ, ਅਤੇ ਉਹਨਾਂ ਦੀ ਕੀਮਤ ਦੋ ਕਰੋੜ ਤੱਕ ਪੌਹੰਚ ਜਾਂਦੀ ਹੈ, ਲੰਡਨ ਵਿੱਚ ਇੰਡੀਆ ਆਫਿਸ ਦਾ ਖ਼ਰਚ ੨੮ ਲੱਖ ਦੇ ਕਰੀਬ ਹੈ, ਇਹ ਇੰਡੀਆ ਆਫਿਸ ਸਮਝੋ ਸਾਰੇ ਡਾਕੂਆਂ ਦਾ ਸਾਂਝਾ ਘਰ ਹੈ, ਜਿੱਥੇ ਸਾਰੀਆਂ ਤਜਵੀਜ਼ਾਂ ਸੋਚੀ-ਆਂ ਜਾਂਦੀਆਂ ਹਨ, ਅਤੇ ਕਈ ਤ੍ਰਾਂ ਦੀਆਂ ਸ਼ੈਤਾਨੀਆਂ ਕੀਤੀਆਂ ਜਾਂਦੀਆਂ ਹਨ, ਅਗ੍ਰ ਇਹ ਰਕ੍ਰਮ (੨੯ ਕਰੋੜ) ਹਿੰਦੋਸਤਾਨ

ਵਿਚ ਰਹੇ, ਅਤੇ ਪੂਜਾ ਵਿਚ ਮੁਨਾਸਬ ਤੌਰ ਨਾਲ ਵੰਡਿਆ ਜਾਵੇ ਤਾਂ ਕਿਤਨਾਂ ਫੈਦਾ ਹੋਇ ਸਕਦਾ ਹੈ, ਅਤੇ ਖੇਤੀ ਅਤੇ ਦਸਤਕਾਰੀ ਦੇ ਕੰਮ ਨੂੰ ਕਿਤਨੀ ਤ੍ਰਕੀ ਹੋ ਸਕਦੀ ਹੈ, ੧

## (੧੧) ਰੇਲਾਂ ਦਾ ਹਿਸਾਬ

### ਅੰਗ੍ਰੇਜ਼ਾਂ ਰਈਸਾਂ ਅਤੇ ਗਵਰਮਿਂਟ ਦਾ ਫੈਦਾ

ਅੰਗ੍ਰੇਜ਼ਾਂ ਨੇ ਹਿੰਦੋਸਤਾਨ ਵਿੱਚ ਰੇਲਾਂ ਕਿਉਂ ਬਨਾਈਆਂ, ਬਾਜ਼ੇ ਲੋਕ ਸਮਝਦੇ ਹੈਂ, ਕੇ ਹਿੰਦੋਸਤਾਨੀਆਂ ਦੇ ਫਾਇਦੇ ਵਾਸਤੇ, ਏਹ ਬਿਲਕੁਲ ਖਿਆਲ ਗ਼ਲਤ ਹੈ, ਅੰਗ੍ਰੇਜ਼ੀ ਗਵਰਮਿਂਟ ਹਿੰਦੋਸਤਾਨ ਦੇ ਫੈਦੇ ਵਾਸਤੇ ਕੋਈ ਕੰਮ ਨਹੀਂ ਕਰਦੀ, ਸਾਰੇ ਕੰਮ ਆਪਨੇ ਮਤਲਬ ਦੇ ਕਰਦੀ ਹੈ, ਜੇ ਕਰ ਇਸ ਨਾਲ ਹਿੰਦੋਸਤਾਨ ਦਾ ਭੀ ਥੋੜਾ ਫੈਦਾ ਹੋ ਜਾਵੇ, ਤੇ ਓਹ ਹੋਰ ਬਾਤ ਹੈ, ਪ੍ਰ ਅਸਲ ਮਤਲਬ ਅੰਗ੍ਰੇਜ਼ਾਂ ਦਾ ਆਪਨੀ ਜੇਬ ਵਿਚ ਰੁਪੈਆ ਡਾਲਨਾ ਹੈ, ਅੰਗ੍ਰੇਜ਼ੀ ਗਵਰਮਿਂਟ ਨੇ ਰੇਲਾਂ ਦੋ ਮਤਲਬ ਵਾਸਤੇ ਬਨਾਈਆਂ ਹੰਨ, ਪੈਹਿਲੇ ਜੰਗੀ ਤਾਕਤ ਦੂਸਰੇ ਤਜਾਰਤੀ ਫੈਦਾ, ਅਜ ਕਲ ਦੀ ਹਰ ਦੇਸ਼ ਦੀ ਸਰਕਾਰ ਰੇਲਾਂ ਨਾਲ ਆਪਨੀ ਤਾਕਤ ਵਧੌਂਦੀ ਹੈ, ਕਿਉਂਕੇ ਗਦਰ ਦੇ ਵੇਲੇ ਫੌਜ ਛੇਤੀ ਪੁਚਾਈ ਜਾ ਸਕਦੀ ਹੈ, ਅਗਰ ਫੌਜ ਛੇਤੀ ਨਾਂ ਪੁਚਾਈ ਜਾ ਸਕੇ, ਤਾਂ ਬਗਾਵਤ ਤ੍ਰਕੀ ਪਾ ਸਕਦੀ ਹੈ, ਅਤੇ ਫੇਰ ਉਸ ਨੂੰ ਦਬਾਨਾ ਕਠਨ ਹੋ ਜਾਂਦਾ ਹੈ, ਰੂਸ ਨੇ ਦਖਣੀ ਏਸ਼ੀਆ ਤਕ ਆਪਨਾ ਰਾਜ ਕਾਇਮ ਕਰਨ ਵਾਸਤੇ ਸਾਏਬੇਰੀਆ ਰੇਲ ਬਨਾਈ, ਜੋ ਜਾਪਾਨ ਦੀ ਲੜਾਈ ਵਿਚ ਕੰਮ ਆਈ, ਏਸੇ ਤ੍ਰਾਂ ਅੰਗ੍ਰੇਜ਼ੀ ਗਵਰਮਿਂਟ ਨੇ ਰੇਲਾਂ ਦੇ ਜ਼ਰੀਏ ਹਿੰਦੋਸਤਾਨ ਵਿੱਚ ਆਪਨੇ ਰਾਜ ਦੀ ਜੜ ਨੂੰ ਪਕਿਆਂ ਕਰਨ ਦੀ ਕੋਸ਼ਸ਼ ਕੀਤੀ ਹੈ, ਰੇਲ ਫੌਜ ਦੀ ਸੜਕ ਹੈ, ਜਿੱਧਰ ਫੌਜ ਕਦੱਮ ਵਧੌਂਦੀ ਹੈ, ਰੇਲ ਭੀ ਜ਼ਰੂਰ ਪਿਛੇ ੨ ਔਂਦੀ ਹੈ, ਸਗੋਂ ਕਈ ਵੇਰਾਂ ਤਾਂ ਰੇਲ ਪੈਹਿਲੇ ਚਲਦੀ ਹੈ, ਅਤੇ ਫੌਜ ਮਗਰੋਂ ਤੁਰੀ ਜਾਂਦੀ ਹੈ, ਰੇਲ ਮੁਲਕ ਨੂੰ ਕਾਬੂ ਕਰਨ ਦਾ ਹਥਿਆਰ ਹੈ,

ਇਸ ਤੋਂ ਵਖਰਾ ਰੇਲ ਨਾਲ ਬਿਉਪਾਰ ਨੂੰ ਬੋਹਤ ਫੈਦਾ ਹੈ, ਹਿੰਦੋਸ-

ਤਾਨ ਦੀ ਤਜਾਰਤ ਦਾ ਬੌਹਤ ਹਿੱਸਾ ਅੰਗ੍ਰੇਜ਼ਾਂ ਦੇ ਹੱਥ ਵਿੱਚ ਹੈ, ਰੇਲ ਦੇ ਜ਼ਰੀਏ ਦੇਸ਼ ਦਾ ਦਾਹੂੰ ਛੇਤੀ ੨ ਖਿੱਚ ਕੇ ਬਾਹਿਰ ਚਲਾ ਜਾਂਦਾ ਹੈ, ਅਤੇ ਇੰਗਲਸਤਾਨ ਦਾ ਮਾਲ ਆਸਾਨੀ ਨਾਲ ਮੁਲਕ ਦੇ ਦੂਰ ੨ ਹਿੱਸਿਆਂ ਵਿੱਚ ਪੌਂਹਚਾਇਆ ਜਾ ਸਕਦਾ ਹੈ, ਰੇਲ ਨਾਲ ਹਿੰਦੋਸਤਾਨ ਦੀ ਤਜਾਰਤੀ ਫਤੇਹ ਵਿੱਚ ਬੌਹਤ ਮਦੱਦ ਮਿਲਦੀ ਹੈ,

ਹਿੰਦੋਸਤਾਨ ਵਿੱਚ ਜੋ ਰੇਲਾਂ ਬਨਾਈਆਂ ਗਈਆਂ ਹਨ, ਉਹਨਾਂ ਦੇ ਕਾਰਨ ਸਾਨੂੰ ਹਰ ਸਾਲ ਇੱਕ ਬੜੀ ਭਾਰੀ ਰਕਮ ਇੰਗਲੈਂਡ ਦੀ ਧਨਵਾਨ ਟੋਲੀ ਨੂੰ ਦੇਨੀ ਪੈਂਦੀ ਹੈ, ਅਤੇ ਗਵ੍ਰਮਿੰਟ ਹਿੰਦ ਨੂੰ ਬੌਹਤ ਲਾਭ ਹੁੰਦਾ ਹੈ, ਰੇਲਾਂ ਬਨੌਨ੍ਹ ਵਾਸਤੇ ਜੋ ਰੁਪੈਯਾ ਲਿਆ ਗਿਆ ਹੈ, ਉਸ ਦੀ ਬਾਬਤ ਸੂਦ ਦੇਨਾ ਪੈਂਦਾ ਹੈ, ਅਤੇ ਇਹ ਵਿਆਜ ਇੰਗਲੈਂਡ ਦੀ ਧਨਾਡ ਸਾਹੂਕਾਰਾਂ ਦੀ ਜੇਬ ਵਿੱਚ ਜਾਂਦਾ ਹੈ, ਸੂਦ ਦੇ ਕੇ ਜੇਹੜੀ ਰਕਮ ਬਚਦੀ ਹੈ, ਉਹ ਸ੍ਰਕਾਰ ਲੈ ਲੈਂਦੀ ਹੈ, ਏਸ ਵਾਸਤੇ ਰੇਲਾਂ ਮਾਲੀ ਤੌਰ ਪੂ ਭੀ ਦੇਸ਼ ਵਾਸਤੇ ਜ਼ੈਹਰ ਹਨ, ਪੈਹਿਲੇ ਹਿੰਦੋਸਤਾਨ ਦੇ ਧਨੀਆਂ ਨੂੰ ਲੁੱਟ ਕੇ ਇੰਗਲਸਤਾਨ ਭਗਿਆ ਜਾਂਦਾ ਹੈ, ਫੇਰ ਉਸ ਰੁਪੈਏ ਨੂੰ ਰੇਲਾਂ ਬਨੌਨ੍ਹ ਵਾਸਤੇ ਕਰਜ਼ ਲਿਆ ਜਾਂਦਾ ਹੈ, ਮਠੋਂ ਵਿਆਜ ਦਿੱਤਾ ਜਾਂਦਾ ਹੈ, ਅਗ੍ਰ ਰੇਲਾਂ ਆਪਨੇ ਪੈਸੇ ਨਾਲ ਬਨਾਈਆਂ ਜਾਂਨ੍ਹ, ਤਾਂ ਦੇਸ਼ ਦੇ ਧਨੀਆਂ ਨੂੰ ਫੈਦਾ ਹੋਵੇ, ਅਤੇ ਪ੍ਰਜਾ ਨੂੰ ਭੀ ਉਸ ਦਾ ਹਿੱਸਾ ਮਿਲੇ!

੩੧ ਮਾਰਚ ੧੯੧੨ ਤੱਕ ਗਵ੍ਰਮਿੰਟ ੨ ਅਰਬ ੨ ਕਰੋੜ ੪੪ ਲੱਖ ੪੨ ਹਜ਼ਾਰ ੧੦੫ ਰੁਪੈਏ ਰੇਲਾਂ ਉੱਤੇ ਖ਼ਰਚ ਕਰ ਚੁੱਕੇ ਹਨ, ਰੇਲਾਂ ਦੀ ਆਮਦਨੀ ਹੇਠ ਲਿਖੇ ਨਕਸ਼ੇ ਤੋਂ ਸਾਬਤ ਹੁੰਦੀ ਹੈ, ਇਸ ਵਿੱਚੋਂ ਵੱਡਾ ਹਿੱਸਾ ਇੰਗਲੈਂਡ ਦੇ ਪੈਸੇ ਵਾਲਿਆਂ ਨੂੰ ਦਿੱਤਾ ਜਾਂਦਾ ਹੈ, ਅਤੇ ਬਾਕੀ ਰਕਮ ਗਵ੍ਰਮਿੰਟ ਹਿੰਦ ਰੱਖ ਲੈਂਦੀ ਹੈ,

| ਸਾਲ | ਕੁਲ ਬਚੱਤ | |
|---|---|---|
| ਸਨ ੧੯੦੨ ਵਿੱਚ | ੧੭ ਕਰੋੜ ੨੨ ਲੱਖ | ਰੁਪੈਯਾ |
| " ੧੯੦੩ " | ੧੯ " ੯੦ " | " |

| | | | | | | |
|---|---|---|---|---|---|---|
| ਸਨ | ੧੯੦੪ | ਵਿੱਚ | ੨੦ ਕਰੋੜ | ੮੮ | ਲੱਖ | ਰੁਪੈਯਾ |
| ,, | ੧੯੦੫ | ,, | ੨੧ ,, | ੭੫ | ,, | ,, |
| ,, | ੧੯੦੬ | ,, | ੨੨ ,, | ੧੧ | ,, | ,, |
| ,, | ੧੯੦੭ | ,, | ੨੨ ,, | ੯੮ | ,, | ,, |
| ,, | ੧੯੦੮ | ,, | ੧੭ ,, | ੮੨ | ,, | ,, |
| ,, | ੧੯੦੯ | ,, | ੨੦ ,, | ੬੮ | ,, | ,, |
| ,, | ੧੯੧੦ | ,, | ੨੩ ,, | ੯੯ | ,, | ,, |
| ,, | ੧੯੧੧ | ,, | ੨੬ ,, | ੪੪ | ,, | ,, |
| ਕੁਲ ਜੋੜ | | | ੨ ਅਰਬ ੧੨ ਕਰੋੜ | ੭੭ | ਲੱਖ | ਰੁਪੈਏ |

ਖਯਾਲ ਕਰੋ! ਕਿ ਕੁਲ ਰੁਪੈਯਾ ਦੋ ਅਰਬ ਦੋ ਕਰੋੜ ਲਾਇਆ ਗਿਆ ਹੈ, ਅਤੇ ਸੂਦ ਦੱਸ ਸਾਲ ਵਿੱਚ ਹੀ ਦੋ ਅਰਬ ਬਾਰਾਂ ਕਰੋੜ ਰੁਪੈਯਾ ਦਿੱਤਾ ਜਾ ਚੁੱਕਾ ਹੈ, ਹਿੰਦੋਸਤਾਨ ਦੀਆਂ ਰੇਲਾਂ ਇੰਗਲੈਂਡ ਦੇ ਧਨੀਆਂ ਵਾਸਤੇ ਸੋਨੇ ਦੀਆਂ ਖਾਣਾਂ ਹਨ!

ਏਸ ਲੁਟ ਵਿੱਚੋਂ ਸਰਕਾਰ ਹਿੰਦ ਦੇ ਖਜ਼ਾਨੇ ਨੂੰ ਭੀ ਕੁੱਛ ਹਿੱਸਾ ਮਿਲ ਜਾਂਦਾ ਹੈ, ਰਕਮ ਤਾਂ ਥੋੜ੍ਹੀ ਹੈ, ਪਰ ਹਰ ਸਾਲ ਵਧਦੀ ਜਾਂਦੀ ਹੈ, ਸਾਰੀ ਦੌਲਤ ਭਾਵੇਂ ਧਨੀ ਅੰਗ੍ਰੇਜ਼ ਲੈਣ ਭਾਵੇਂ ਅੰਗ੍ਰੇਜ਼ੀ ਹਾਕਮ!

ਇਕੋ ਹੀ ਗਲ ਹੈ

## (੧੨) ਹਿੰਦੋਸਤਾਨ ਵਿੱਚੋਂ ਦਾਣੇ ਦਾ ਨਿਕਾਲਾ ਕੈਹਤ ਵਿੱਚ ਭੀ ਦਾਣਾ ਬਾਹਿਰ ਜਾਂਦਾ ਹੈ

ਜਿਸ ਦੇਸ਼ ਵਿੱਚ ਕੁਦਰਤ ਨੇ ਆਪਣੀ ਬਖਸ਼ਸ਼ ਦੀ ਸ਼ਾਨ ਦੇਖਾਈ ਹੋਵੇ, ਅਤੇ ਜ਼ਮੀਨ ਸੋਨਾ ਉਗਲਦੀ ਹੋਵੇ, ਓਥੇ ਕਾਲ ਦਾ ਕੀ ਕੰਮ? ਅਜੇਹੇ ਦੇਸ਼ ਵਿੱਚ ਭੁੱਖ ਦਾ ਨਾਮ ਨਸ਼ਾਨ ਭੀ ਨਹੀਂ ਹੋਣਾ ਚਾਹੀਦਾ! ਐਸਾ ਦੇਸ਼ ਸਾਰੀ ਦੁਨੀਆ ਨੂੰ ਅੰਨ ਦੇ ਸਕਦਾ ਹੈ, ਮਗਰ ਅੱਜ ਇਹ

ਹਾਲ ਹੈ, ਕਿ ਹਿੰਦੋਸਤਾਨ ਦੇ ਬਹੁਤਿਆਂ ਹੀ ਨੂੰ ਰੋਟੀ ਨਹੀਂ ਮਿ
ਪਰਦੇਸ ਵਿਚ ਧੱਕੇ ਖਾਂਦੇ ਫਿਰਦੇ ਹਨ, ਕਾਲ ਵਿੱਚ ਮਰਦੇ
ਵਜਾ ਕੀ ਹੈ? ਕੀ ਕਾਰਨ ਹੈ,? ਕਿ ਹਿੰਦੋਸਤਾਨ ਸੁਵਰਗ ਦੇ ਨਾ
ਖੁਰਾਕ ਦਾ ਘਾਟਾ ਹੋਵੇ, ਓਹ ਭਾਰਤ ਵਰਸ਼ ਜਿਥੇ ਦੁਧ ਅ
ਦੀ ਰੇਲ ਪੇਲ ਹੁੰਦੀ ਸੀ, ਅਜ ਕੈਹਤ ਦਾ ਹੋ ਰਿਹਾ ਹੈ, ਅਜ
ਪਿਆਰੇ ਭਰਾਵਾਂ ਨੂੰ ਅੰਗਾਂ ਦੇ ਜ਼ਰੀਏ ਇਕ ਦਰਦ ਭਰਿਆ
ਦਖੌਦੇ ਹਨ, ਜਿਸ ਨਾਲ ਓਹਨਾਂ ਨੂੰ ਬੜੀ ਅਕਲ ਆਵੇ ਗ
ਮਾਲੂਮ ਹੋਜੀ, ਕਿ ਹਿੰਦੋਸਤਾਨ ਵਿਚੋਂ ਕਿਤਨਾ ਦਾਣਾਂ ਦੂਸਰੇ
ਅਤੇ ਇੰਗਲਸਤਾਨ ਨੂੰ ਜਾਂਦਾ ਹੈ, ਜਿਨਾਂ ਦੇਸ਼ਾਂ ਵਿਚ ਕੈਹਤ ਪੈਂਦੇ
ਇਹ ਹਾਲਤ ਹੈ, ਕਿ ਦਾਣਾਂ ਬੋਹਤ ਮਿਕਦਾਰ ਵਿੱਚ ਬਾਹਿਰ ਭੇ
ਦਾ ਹੈ, ਬਸ ਕ੍ਰਿਸਾਨ ਨੂੰ ਹੀ ਕਾਫੀ ਖੁਰਾਕ ਨਹੀਂ ਮਿਲਦੀ, ਅਤੇ ਦੂ
ਦੇ ਮਜ਼ੇ ਕਰਦੇ ਹਨ, ਰੂਸ ਵਿਚੋਂ ਹਰ ਸਾਲ ਲਖਾਂ ਮਣ ਦਾਣਾਂ ਬ
ਜਾਂਦਾ ਹੈ, ਅਤੇ ਰੂਸੀ ਕ੍ਰਿਸਾਨ ਮਜ਼ਦੂਰ ਭੁਖੇ ਨੰਗੇ ਰੈਂਹਿੰਦੇ ਹਨ, ਏ
ਹਿੰਦੋਸਤਾਨ ਵਿਚੋਂ ਦਬਾ ਦੱਬ ਦਾਣਾਂ ਬਾਹਿਰ ਜਾਂਦਾ ਹੈ, ਅਤੇ ਹਿੰ
ਰੇ ਭੁਖ ਦੁਖ ਦੇ ਮਾਰੇ ਮਰ ਰਹੇ ਹਨ, ਹਿੰਦੋਸਤਾਨ ਵਿਚੋਂ ਦਾਣੇ ਦਾ
ਜਾਨਾਂ ਹੇਠ ਲਿਖੇ ਨਕਸ਼ੇ ਤੋਂ ਪ੍ਰਗੱਟ ਹੁੰਦਾ ਹੈ ?

## ਕਣਕ ਦਾ ਨਿਕਾਸ

| ਸਾਲ | ਵਜ਼ਨ | ਕੀਮਤ |
|---|---|---|
| ਸਨ ੧੯੦੨ | ੫ ਲਾਖ ੧੪ ਹਜ਼ਾਰ ਟੱਨ | ੪ ਕਰੋੜ ੫੨ ਲੱਖ ਰੁ |
| ,, ੧੯੦੩ | ੧੨ ,, ੯੫ ,, ,, | ੧੧ ,, ੮ ,, |
| ,, ੧੯੦੪ | ੨੧ ,, ੨੦ ,, ,, | ੧੭ ,, ੯੧ ,, |
| ,, ੧੯੦੫ | ੯ ,, ੨੭ ,, ,, | ੮ ,, ੫੩ ,, |
| ,, ੧੯੦੬ | ੮ ,, ੦੦ ,, ,, | ੭ ,, ੨੫ ,, |
| ,, ੧੯੦੭ | ੮ ,, ੮੦ ,, ,, | ੮ ,, ੫੯ ,, |

| | | |
|---|---|---|
| ਸਨ ੧੯੦੮ | ੧ ਲੱਖ ੯ ਹਜ਼ਾਰ ਟਨ | ੧ ਕਰੋੜ ੨੪ ਲੱਖ ਰੁਪੈਯਾ |
| ,, ੧੯੦੯ | ੧੦ ,, ੫੦ ,, ,, | ੧੨ ,, ੭੧ ,, ,, |
| ,, ੧੯੧੦ | ੧੨ ,, ੬੬ ,, ,, | ੧੨ ,, ੯੫ ,, ,, |
| ,, ੧੯੧੧ | ੧੩ ,, ੬੧ ,, ,, | ੧੩ ,, ੩੫ ,, ,, |

ਖਿਆਲ ਕੀਜੀਏ, ਕੇ ਹਰ ਸਾਲ ਕਿਤਨਾਂ ਦਾਣਾ ਹਿੰਦੋਸਤਾਨ ਵਿਚੋਂ ਬਾਹਿਰ ਜਾਂਦਾ ਰਿਹਾ ਹੈ, ਅਤੇ ਏਸ ਵੇਲੇ ਦੇਸ਼ ਵਿੱਚ ੭ ਕਰੋੜ ਸੇ ਭੀ ਜ਼ਿਆਦਾ ਆਦਮੀਆਂ ਨੂੰ ਇਕ ਵੇਲੇ ਭੀ ਪੂਰਾ ਖਾਣਾ ਨਹੀਂ ਮਿਲਦਾ-

ਅੰਗ੍ਰੇਜ਼ੀ ਸਰਕਾਰ ਦਾ ਲਗਾਨ ਦੇਨ ਵਾਸਤੇ ਕ੍ਰਿਸਾਨ ਫਸਲ ਵੇਚਦੇ, ਹੈਨ, ਅਤੇ ਸਾਰ ਰੁਪੈਯਾ ਕਈ ਢੰਗਾਂ ਨਾਲ ਇੰਗਲੈਂਡ ਪੌਹੁੰਚ ਜਾਂਦਾ ਹੈ, ਹਿੰਦੋਸਤਾਨ ਵਿਚੋਂ ਜੇਹੜੀ ਦੌਲਤ ਇੰਗਲੈਂਡ ਜਾਂਦੀ ਹੈ, ਓਹ ਸਾਰੀ ਸੋਨੇ ਚਾਂਦੀ ਦੀ ਸੂਰਤ ਵਿੱਚ ਨਹੀਂ ਜਾਂਦੀ ਸਗੋਂ ਦਾਣਾਂ ਅਤੇ ਹੋਰ ਪੈਦਾਵਾਰ ਦੀ ਸ਼ਕੱਲ ਵਿਚ ਭੀ ਜਾਂਦੀ ਹੈ, ਸਾਰੇ ਰਾਜਸ਼ੀ ਦੇਸ਼ ਏਸੇ ਤ੍ਰਾਂ ਗੁਲਾਮ ਦੇਸ਼ਾਂ ਨੂੰ ਲੁਟ ਕੇ ਖਾ ਜਾਂਦੇ ਹੈਨ, ਅਥਵਾ ਓਹਨਾਂ ਦੀ ਪੈਦਾਵਾਰ ਨੂੰ ।

## ਹਿੰਦੋਸਤਾਨ ਦਾ ਦਾਣਾ ਕਿਥੇ ਜਾਂਦਾ ਹੈ ?

ਹੁਣ ਦੂਸਰੇ ਨਕਸ਼ੇ ਨੂੰ ਪੜ੍ਹਨ ਨਾਲ ਸਾਬਤ ਹੋਵੇਗਾ ਕੇ ਏਹ ਦਾਣਾ ਕਿਥੇ ਜਾਂਦਾ ਹੈ, ਉਤ੍ਰ ਹੈ, ਕੇ ਇੰਗਲੈਂਡ ਨੂੰ, ਹੇਠ ਲਿਖੇ ਅੰਗ ਪ੍ਰਗਟ ਕਰਦੇ ਹੈਨ, ਕੇ ਕੁਲ ਦਾਣੇ ਵਿਚੋਂ ਕਿਤਨਾਂ ਇੰਗਲੈਂਡ ਜਾਂਦਾ ਹੈ, ।

| ਸਾਲ | ਕੁਲ ਵਜ਼ਨ ਦਾਣੇ ਦੇ ਨਿਕਲੇਦਾ । | ਵਜ਼ਨ ਜੋ ਇੰਗਲੈਂਡ ਜਾਂਦਾ ਹੈ |
|---|---|---|
| ੧੯੦੭ | ੮ ਲੱਖ ੮੦ ਹਜ਼ਾਰ ਟਨ | ੭ ਲੱਖ ੭੧ ਹਜ਼ਾਰ ਟਨ |
| ,, ੧੯੦੮ | ੧ ,, ੯ ,, ,, | ੧ ,, ੦੦ ,, ,, |
| ,, ੧੯੦੯ | ੧੦ ,, ੫੦ ,, ,, | ੮ ,, ੮੨ ,, ,, |
| ,, ੧੯੧੦ | ੧੨ ,, ੬੬ ,, ,, | ੧੦ ,, ੪੩ ,, ,, |
| ,, ੧੯੧੧ | ੧੩ ,, ੬੧ ,, ,, | ੧੦ ,, ੩੩ ,, ,, |

ਸਾਫ ਜ਼ਾਹਿਰ ਹੈ, ਕੇ ਹਿੰਦੋਸਤਾਨ ਵਿਚੋਂ ਕਿਤਨਾਂ ਦਾਣਾਂ ਬਾਹਿਰ ਜਾਂਦਾ ਹੈ ।

ਹੈ, ਉਸ ਵਿੱਚੋਂ ਬੌਹਤ ਅਨਾਜ ਇੰਗਲੈਂਡ ਜਾਂਦਾ ਹੈ, ਅਤੇ ਬੌਹਤ ਥੋੜ੍ਹਾ ਦੂਜੇ ਦੇਸ਼ਾਂ ਨੂੰ ਜਾਂਦਾ ਹੈ, ਇਹ ਅੰਗ ਦਸਦੇ ਹਨ, ਕਿ ਜਦ ਗ਼ਰੀਬ ਹਿੰਦੀਆਂ ਦਾ ਪੇਟ ਕਟਿਆ ਜਾਂਦਾ ਹੈ, ਤਾਂ ਕਿਸ ਦਾ ਪੇਟ ਭਰਦਾ ਹੈ! ਇਹ ਮਾਮੂਲੀ ਬਿਉਪਾਰ ਦਾ ਮੁਆਮਲਾ ਨਹੀ ਹੈ, ਸਗੋਂ ਲੁੱਟ ਮਾਰ ਦਾ ਨਤੀਜਾ ਹੈ!

## ਹਿੰਦ ਵਿੱਚ ਕਿਤਨੇ ਲੋਕ ਭੁੱਖ ਨਾਲ ਮਰ ਰਹੇ ਹਨ,

(੧੩) ਅੰਗ੍ਰੇਜ਼ ਅਫ਼ਸਰ ਵਿਲੀਅਮ ਡਗਬੀ ਨਾਮੀ ਦੇ ਕੈਹਤ ਅਤੇ ਮੌਤਾਂ ਦੀ ਬਾਬਤ ਇੰਉ ਲਿਖਦਾ ਹੈ, ਕਿ ਸਨ ੧੭੭੯ ਤੋਂ ੧੯੦੦ ਤੱਕ ਦੋ ਕਰੋੜ ਪੰਜੀ ਲਖ ਹਿੰਦੀ ਭੁਖ ਨਾਲ ਮਰ ਗਏ,

ਸਨ ੧੮੬੬ ਵਿੱਚ ਮਦਰਾਸ ਦੇ ਕੈਹਤ ਵਿੱਚ ਟੋਲਿਆਂ ਦੇ ਟੋਲੇ ਬਚਿੱਆਂ, ਜਵਾਨਾਂ, ਔਰਤਾਂ ਅਤੇ ਬੁਢਿੱਆਂ ਦੇ ਸੜਕ ਉੱਤੇ ਪਏ੨ ਭੁੱਖ ਨਾਲ ਮਰ ਗਏ, ਗਨਟੂਰ ਦੀ ੫੦ ਲੱਖ ਵਸੋਂ ਵਿੱਚੋਂ ਦੋ ਲੱਖ ਆਦਮੀ ਭੁੱਖ ਨਾਲ ਤੜਪ੨ ਕੇ ਅਨਿਆਈ ਮੌਤੇਂ ਮਰ ਗਏ,

ਸਨ ੧੮੬੭ ਵਿੱਚ ਦਖੱਣੀ ਹਿੰਦ ਵਿੱਚ ੧੦ ਲੱਖ ਹਿੰਦੀ ਕਾਲ ਦੀ ਭੇਟ ਹੋਏ,

ਸਨ ੧੮੬੬ ਵਿੱਚ ਉੜੀਸਾ ਦੀ ਤਿਹਾਈ ਵਸੋਂ ਅਰਥਾਤ ੧੦ ਲੱਖ ਹਿੰਦੀ-ਆਂ ਨੇ ਰੋਟੀ ਅਤੇ ਪਾਂਣੀ ਵਾਸਤੇ ਤਰਸ੨ ਕੇ ਮੌਤ ਨੂੰ ਪ੍ਰਵਾਨ ਕੀਤਾ,

੧੮੬੯ ਵਿੱਚ ਦਖੱਣੀ ਹਿੰਦ ਵਿੱਚ ੧੨ ਲੱਖ ਮੌਤਾਂ ਹੋਈਆਂ,

੧੮੭੭ ਵਿੱਚ ਸੂਬਾ ਮਦਰਾਸ ਅੰਦਰ ਕੈਹਤ ਦੇ ਜ਼ਰੀਏ ੫੦ ਲਖ ਆਦਮੀ ਮਰੇ, ੧੮੭੮ ਵਿੱਚ ਦਖੱਣੀ ਹਿੰਦ ਦੇ ਕੈਹਤ ਵਿੱਚ ੧੨ ਲੱਖ ੫੦ ਹਜ਼ਾਰ ਹਿੰਦੋਸਤਾਨੀ ਅੱਨ ਦੇ ਬਾਝੋਂ ਸੱਸਕ੨ ਚਲਦੇ ਹੋਏ!

ਪਿਆਰੇ ਹਿੰਦੀ ਭਾਈਓ! ਇਹ ਖਿਆਲ ਕਰੋ, ਕਿ ਕਿਤਨੇ ਹਿੰਦੋਸਤਾਨੀ ਖਾਲੀ ਭੁੱਖ ਨਾਲ ਤੰਗ ਆ ਕੇ ਮਰ ਗਏ, ਪਰ ਉਹਨਾਂ ਹੀ ਸਾਲਾਂ ਵਿੱਚ ਲੱਖਾਂ ਮਣ ਅਨਾਜ ਹਿੰਦੋਸਤਾਨ ਵਿੱਚੋਂ ਬਾਹਿਰ ਲੈ ਜਾਇਆ ਗਿਆ, ਅਤੇ ਅਰਬਾਂ ਰੁਪੈਏ ਅੰਗ੍ਰੇਜ਼ ਸਾਡੇ ਦੇਸ਼ ਵਿੱਚੋਂ ਖਿਚਦੇ ਰਹੇ, ਹੁਣ ਇਸ ਨਾਲ ਸਾਬਤ ਹੁੰਦਾ ਹੈ, ਕਿ ਸਾਡੇ ਦੇਸ਼ ਵਿੱਚ ਕੈਹਤ ਏਸ ਵਾਸਤੇ ਨਹੀ ਹੁੰਦਾ, ਕਿ ਓਥੇ ਦਾਣਾ, ਅਨਾਜ

ਪੈਦਾ ਨਹੀ ਹੁੰਦਾ, ਅਨਾਜ ਤਾਂ ਹਰ ਸਾਲ ਕਰੋੜਾਂ ਮਣ ਪੈਦਾ ਹੁੰਦਾ ਹੈ, ਅਤੇ ਕਾਲ ਦੇ ਸਾਲਾਂ ਵਿੱਚ ਭੀ ਜ਼ਾਲਮ ਅੰਗ੍ਰੇਜ਼ ਸਾਡਾ ਕਰੋੜਾਂ ਰੁਪੈਯਾ ਵਲੈਤ ਨੂੰ ਲੈ ਜਾਂਦੇ ਹਨ, ਬੱਸ ਹਿੰਦੋਸਤਾਨ ਵਿੱਚ ਕੈਹਤ ਅਤੇ ਕਾਲ ਦਾ ਪ੍ਰਤਖਸ਼ ਨਮੂਨਾ ਬਦ ਜ਼ਾਤ ਅੰਗ੍ਰੇਜ਼ੀ ਸਰਕਾਰ ਹੈ, ਜੋ ਸਾਡੇ ਕਰੋੜਾਂ ਆਦਮੀ ਭੁੱਖ ਨਾਲ ਮਾਰ ਚੁਕੀ ਹੈ, ਬੱਸ ਜ਼ਰੂਰੀ ਹੈ, ਕਿ ਅਸੀਂ ਏਸ ਸਰਕਾਰ ਨੂੰ ਤਬਾਹ ਕਰ ਦਿਈਏ! ਏਸ ਆਦਮ ਖੋਰ ਸਰਕਾਰ ਦੀ ਖੋਪਰੀ ਵਿੱਚ ਪਾਂਣੀ ਪੀ ਕੇ ਆਪਣੇ ਪਿਆਰੇ ਦੇਸ਼ੀ ਭਾਈਆਂ ਨੂੰ ਭੁੱਖ ਅਤੇ ਪਿਆਸ ਤੋਂ ਮਰਨੋਂ ਬਚਾਈਏ!

ਏਸ ਵਾਸਤੇ ਹਿੰਦੋਸਤਾਨ ਦੇ ਸਾਰੇ ਫਿਰਕੇ ਅਤੇ ਮਜ਼੍ਹਬਾਂ ਦੇ ਲੋਕਾਂ ਨੂੰ **ਗ਼ਦਰ** ਦੇ ਅਟੱਲ ਝੰਡੇ ਹੇਠਾਂ ਇਕੱਠੇ ਹੋ ਜਾਣਾ ਚਾਹੀਏ! ਛੇਤੀ ਕਰੋ, ਦੇਰੀ ਠੀਕ ਨਹੀ, ਕਿਉਂਕਿ ਦਿਨੋਂ ਦਿਨ ਸਾਡੇ ਆਦਮੀ ਮਰਦੇ ਜਾਂਦੇ ਹਨ, ਅਤੇ ਦੁਸ਼ਮਣ ਹਿੰਦ ਦਾ ਮਿੱਠਾ ਅਨਾਜ ਅਤੇ ਰੁਪੈਯਾ ਖਾ ਕਰ ਕੇ ਮੋਟਾ ਹੁੰਦਾ ਜਾਂਦਾ ਹੈ!

(੧੪)

## ਅਕਲ ਦੀਆਂ ਬਾਤਾਂ

ਹਿੰਦੋਸਤਾਨ ਵਿੱਚੋਂ ਹਰ ਸਾਲ ੧੩ ਕਰੋੜ ੫੦ ਲੱਖ ਰੁਪੈਏ ਦੀ ਕਣਕ ਅਤੇ ਚੌਲ ਅੰਗ੍ਰੇਜ਼ ਬਾਹਿਰ ਲਿਜਾਂਦੇ ਹਨ, ਏਸ ਵਾਸਤੇ ਕਰੋੜਾਂ ਹਿੰਦੀ ਆਪਣੇ ਦੇਸ਼ ਵਿੱਚ ਭੁੱਖ ਦੀ ਭੇਟਾ ਹੁੰਦੇ ਹਨ,

ਹਿੰਦੋਸਤਾਨ ਵਿੱਚ ਡੇਢ੍ਹ ਸੌ ਸਾਲ ਦੇ ਅੰਦਰ ਦੋ ਕਰੋੜ ਅੱਸੀ ਲੱਖ ਆਦਮੀ ਭੁੱਖ ਨਾਲ ਮਰ ਗਏ ਹਨ, ਦੁਨੀਆ ਦੇ ਕਿਸੇ ਦੇਸ਼ ਵਿੱਚ ਭੀ ਅਜੇਹਾ ਭਿਆਨਕ ਨਜ਼ਾਰਾ ਦਿਖਾਈ ਨਹੀ ਦੇਂਦਾ, ਇਹ ਭਿਆਨਕ ਸਾਕਾ ਬੇਤ੍ਰਸ ਅੰਗ੍ਰੇਜ਼ਾਂ ਦੀ ਹੀ ਮੇਹਰਬਾਨੀ ਹੈ, ਕਿਉਂਕਿ ਇਹ ਜ਼ਾਲਮ ਅੰਗ੍ਰੇਜ਼ ਸਾਡਾ ਅਨਾਜ ਅਤੇ ਧਨ ਹਰ ਸਾਲ ਵਲੈਤ ਨੂੰ ਲਦ ਕਰ ਕੇ ਲੈ ਜਾਂਦੇ ਹਨ, ਅਤੇ ਗ਼ਰੀਬ ਹਿੰਦੀ ਭੁੱਖ ਨਾਲ ਤੜਪ ਕਰ ਕੇ ਜਾਨ ਤਿਆਗ ਦੇਂਦੇ ਹਨ, ਖ਼ੁਦ ਅੰਗ੍ਰੇਜ਼ ਅਫ਼ਸਰ ਡਿਗਬੀ ਲਿਖਦਾ ਹੈ, ਕਿ ੧੭੯੩ ਤੋਂ ਲੈ ਕੇ ੧੯੦੦ ਤਕ ਅਰਥਾਤ ੧੦੭ ਸਾਲਾਂ ਦੀਆਂ ਲੜਾਈਆਂ ਵਿੱਚ ਸਾਰੀ ਦੁਨੀਆਂ ਦੇ ਅੰਦਰ ਪੰਜਾਹ ਲੱਖ ਆਦਮੀ ਮਰੇ, ਪਰ ੧੮੯੧ ਤੋਂ ਲੈ ਕੇ ੧੯੦੦ ਤਕ ਅਰਥਾਤ

ਦਸ ਬ੍ਰਸ ਵਿਚ ਭਾਰਤ ਵਰਸ਼ ਅੰਦ੍ਰ ਖਾਲੀ ਕੈਹਤ ਕਾਲ ਭੁਖ ਨੰਗ ਨਾਲ ਇੱਕ ਕਰੋੜ ਨੱਵੇ ਲਾਖ ਹਿੰਦੋਸਤਾਨੀ ਮਰ ਗਏ, ੧

ਅੰਗ੍ਰੇਜ਼ ਹੈਜ਼ਾ ਹੈਨ, ਅੰਗ੍ਰੇਜ਼ ਕੈਂਹਤ ਹੈਨ, ਅੰਗ੍ਰੇਜ਼ ਪਲੇਗ ਹੈਨ, ਏਹਨਾਂ ਨੂੰ ਦੇਸ਼ੋਂ ਕਢ ਦੇਣਾਂ ਚਾਹੀਏ, ਫੇਰ ਸਾਰੇ ਭ੍ਰਿਆਨਕ ਦੁਖਾਂ ਦਾ ਅੰਤ ਹੋ ਜਾਵੇਗਾ, ੧

---

ਖੁਦ ਅੰਗ੍ਰੇਜ਼ ਅਫਸਰ ਚਾਰਲਸ ਲਿਖਦਾ ਹੈ, ਕੇ ਸਾਰੀ ਦੁਨੀਆ ਦੇ ਕ੍ਰਿਸਾਨ ਅਤੇ ਜ਼ਿਮੀਂਦਾਰ ਇਤਨਾਂ ਟੈਕਸ ਅਤੇ ਮਾਮਲਾ ਨਹੀਂ ਦਿੰਦੇ, ਜਿਤਨਾਂ ਭਾਰੀ ਟੈਕਸ ਅਤੇ ਜ਼ਿਆਦਾ ਮਾਮਲੇ ਦੀ ਰਕਮ ਗ੍ਰੀਬ ਹਿੰਦੋਸਤਾਨੀ ਕ੍ਰਿਸਾਨ ਅਤੇ ਸੌਦਾਗ੍ਰ ਭਰਦੇ ਹੈਨ, ਹਿੰਦੋਸਤਨੀਆਂ ਨੂੰ ਸੌ ਵਿਚੋਂ ੫੫ ਰੁਪੈਆ ਲਗਾਨ ਅਤੇ ਟੈਕਸ ਦੇਣਾਂ ਪੈਂਦਾ ਹੈ, ਹੁਣ ਜੇ ਖੁਦ ਅੰਗ੍ਰੇਜ਼ ਆਪਣਾ ਜ਼ੁਲਮ ਮੰਨਦੇ ਹੈਨ, ਤਾਂ ਓਹ ਅਕਲ ਦੇ ਅੰਧੇ ਹਿੰਦੋਸਤਾਨੀ ਜੋ ਅੰਗ੍ਰੇਜ਼ੀ ਰਾਜ ਨੂੰ ਬਰਕਤ ਸਮਝਦੇ ਹੈਨ, ਬੇਵਕੂਫ ਹੈ ਕੇ ਨਹੀ, ਬਸ ਏਹਨਾਂ ਜ਼ਾਲਮ ਅੰਗ੍ਰੇਜ਼ਾਂ ਨੂੰ ਮਾਰ ੨ ਕੇ ਅਤੇ ਕਰਕੇ ਜ਼ੁਲਮ ਦਾ ਦੂਰ ਕਰਨਾ ਹਰ ਇੱਕ ਹਿੰਦੋਸਤਾਨੀ ਦਾ ਪੈਹਲਾ ਫਰਜ਼ ਹੈ, ਜੇਕਰ ਕੋਈ ਇਨਸਾਨ ਏਸ ਪਵਿੱਤ੍ਰ ਅਤੇ ਉਚੇ ਫਰਜ਼ ਵਿਚ ਸ਼ਾਮਲ ਨਹੀਂ ਹੁੰਦਾ, ਤਾਂ ਓਹ ਇਨਸਾਨ ਆਖੌਣ ਦਾ ਹਕਦਾਰ ਨਹੀਂ ਹੈ,

## ਬੰਦੇ ਮਾਤ੍ਰਮ

ਏਹ ਪੁਸਤਕ ਨੀਚੇ ਲਿਖੀ ਅਡਰੇਸ ਤੋਂ ਮੁਫਤ ਮਿਲ ਸਕਦਾ ਹੈ,

Editor Hindustan
Gaddar
San Francisco
U. S. America